Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 82 | Wednesday, April 27, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਧੱਕੇਸ਼ਾਹੀ ਕਰਨ ਵਾਲਿਆਂ ਦੀ ਸੰਪਤੀ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਦੀ ਮੱਦਦ ਕਰਨੀ ਚਾਹੁੰਦਾ ਹੈ ਕੈਨੇਡਾ

ਓਟਵਾ, 26 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਖੁਦ ਨੂੰ ਅਜਿਹੀਆਂ ਸ਼ਕਤੀਆਂ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਰਾਹੀਂ ਸਰਕਾਰ ਅਜਿਹੀ ਵਿਦੇਸ਼ੀ ਸੰਪਤੀ, ਜਿਸ ਉੱਤੇ ਪਹਿਲਾਂ ਤੋਂ ਹੀ ਪਾਬੰਦੀਆਂ ਲਾਈਆਂ ਗਈਆਂ ਹਨ,ਨੂੰ ਜ਼ਬਤ ਕਰ ਸਕੇ ਤੇ ਵੇਚ ਸਕੇ।

ਸਰਕਾਰ ਚਾਹੁੰਦੀ ਹੈ ਕਿ ਇਸ ਤੋਂ ਹਾਸਲ ਹੋਣ ਵਾਲੇ ਸਰਮਾਏ ਨਾਲ ਉਨ੍ਹਾਂ ਦੇਸ਼ਾਂ ਦਾ ਪੁਨਰਨਿਰਮਾਣ ਕੀਤਾ ਜਾਵੇ ਜਿਨ੍ਹਾਂ ਨੂੰ ਨੁਕਸਾਨ ਹੋ ਰਿਹਾ ਹੈ ਤੇ ਇਸੇ ਸਰਮਾਏ ਵਿੱਚੋਂ ਜੰਗ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਮਦਦ ਵੀ ਕੀਤੀ ਜਾ ਸਕੇ।

ਇਹ ਨੀਤੀਗਤ ਤਬਦੀਲੀ ਹੋਵੇਗੀ, ਲਿਬਰਲ ਪਹਿਲਾਂ ਹੀ ਇਹ ਦਰਸਾ ਚੁੱਕੇ ਹਨ ਕਿ ਬਿੱਲ ਪਾਸ ਹੋਣ ਉਪਰੰਤ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਦਰਮਿਆਨ ਜਿਨ੍ਹਾਂ ਰੂਸੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਖਿਲਾਫ ਉਹ ਇਸ



ਦੀ ਵਰਤੋਂ ਕਰਨਗੇ। ਪ੍ਰਸਤਾਵਿਤ ਮਾਪਦੰਡਾਂ ਤਹਿਤ ਸਪੈਸ਼ਲ ਇਕਨੌਮਿਕ ਮੇਯਰਜ਼ ਐਕਟ ਨੂੰ ਅਪਡੇਟ ਕੀਤੇ ਜਾਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਇਹ ਇਜਾਜ਼ਤ ਹੋਵੇਗੀ ਕਿ ਉਹ ਉਸ ਸੂਰਤ ਵਿੱਚ ਆਰਥਿਕ ਮਾਪਦੰਡ ਲਿਆ ਸਕੇ ਜੇ ਕਿਤੇ ਕੌਮਾਂਤਰੀ ਸ਼ਾਂਤੀ ਤੇ ਸਕਿਊਰਿਟੀ ਦੀ ਉਲੰਘਣਾਂ ਹੋਈ ਹੋਵੇ, ਕਿਤੇ ਭ੍ਰਿਸ਼ਟਾਚਾਰ ਦਾ ਪਤਾ ਲੱਗੇ ਜਾਂ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੋਵੇ।

ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਇਸ ਐਕਟ ਵਿੱਚ ਤਬਦੀਲੀਆਂ ਰਾਹੀਂ ਅਸੀਂ ਅੱਜ ਨਾ ਸਿਰਫ ਕੈਨੇਡਾ ਨੂੰ ਇਹ ਸ਼ਕਤੀ ਦਿਵਾਉਣੀ ਚਾਹੁੰਦੇ ਹਾਂ ਕਿ ਉਹ ਸਬੰਧਤ ਦੇਸ਼ ਦੀ ਸੰਪਤੀ ਨੂੰ ਜ਼ਬਤ ਕਰ ਸਕੇ ਤੇ ਫਿਰ ਸਬੰਧਤ ਵਿਅਕਤੀਆਂ ਤੇ ਇਕਾਈਆਂ, ਜਿਨ੍ਹਾਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ, ਦੀ ਸੰਪਤੀ ਨੂੰ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਤੇ ਵਿਅਕਤੀਆਂ ਦੀ ਮਦਦ ਕਰ ਸਕੇ।

# ਸਰਕਾਰ ਬਣਾਉਣ ਦੀ ਆਸ ਲਾਈ ਬੈਠੀ ਹੈ ਓਨਟਾਰੀਓ ਦੀ ਐਨਡੀਪੀ

ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਐਨਡੀਪੀ ਕਈ ਦਹਾਕਿਆਂ ਵਿੱਚ ਪਹਿਲੀ ਵਾਰੀ ਐਨੀ ਮਜ਼ਬੂਤੀ ਨਾਲ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਨਿੱਤਰੇਗੀ। ਇਸ ਵਾਰੀ ਇਹ ਪਾਰਟੀ ਵੋਟਰਾਂ ਉੱਤੇ ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਹੜਾ ਪਿਛਲੀ ਵਾਰੀ ਨਹੀਂ ਸੀ ਕਰ ਸਕੀ, ਤੇ ਉਹ ਹੈ ਖੁਦ ਨੂੰ ਸਰਕਾਰ ਬਣਾਉਣ ਲਈ ਤਿਆਰ ਦੱਸਣਾ।



ਕਾਗਜ਼ੀ ਤੌਰ ਉੱਤੇ ਹਵਾ ਦਾ ਰੁਖ ਉਨ੍ਹਾਂ ਵੱਲ ਹੈ ਕਿਉਂਕਿ ਉਹ ਰਸਮੀ ਤੌਰ ਉੱਤੇ ਸਰਕਾਰੀ ਧਿਰ ਹੈ, ਉਨ੍ਹਾਂ ਦੀ ਸਥਿਤੀ ਵਿੱਤੀ ਪੱਖੋਂ ਵੀ ਚੰਗੀ ਹੈ, ਪ੍ਰੋਵਿੰਸ ਭਰ ਵਿੱਚ ਉਨ੍ਹਾਂ ਦੇ ਕਈ ਉਮੀਦਵਾਰ ਮੈਦਾਨ ਵਿੱਚ ਹਨ। ਪਰ ਉਨ੍ਹਾਂ ਸਾਹਮਣੇ ਵੱਡੀ ਚੁਣੌਤੀ ਇਨ੍ਹਾਂ ਸਕਾਰਾਤਮਕ ਚੋਣ ਕਾਰਕਾਂ ਨੂੰ ਅਸਲ ਵੋਟਾਂ ਤੇ ਅਸਲ ਸੀਟਾਂ ਵਿੱਚ ਬਦਲਣਾ ਹੈ। ਖਾਸਤੌਰ ਉੱਤੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਲੰਮੇ ਸਮੇਂ ਤੋਂ ਉਨ੍ਹਾਂ ਨੇ ਜਿੱਤ ਹਾਸਲ ਨਹੀਂ ਕੀਤੀ।

ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੂੰ 35 ਫੀਸਦੀ ਵੋਟਾਂ ਹਾਸਲ ਹੋਣ ਦੀ ਸੰਭਾਵਨਾ ਹੈ ਤੇ ਐਨਡੀਪੀ ਇਹ ਆਖਦੀ ਫਿਰ ਰਹੀ ਹੈ ਕਿ ਬਹੁਤੇ ਓਨਟਾਰੀਓ ਵਾਸੀ ਡੱਗ ਫੋਰਡ ਨੂੰ ਮੁੜ ਪ੍ਰੀਮੀਅਰ ਬਣਾਉਣ ਦੇ ਹੱਕ ਵਿੱਚ ਨਹੀਂ।ਲਿਬਰਲਾਂ ਦਾ ਵੀ ਇਹੋ ਦਾਅਵਾ ਹੈ। ਪਿੱਛੇ ਜਿਹੇ ਹੋਏ ਦੋ ਸਰਵੇਖਣਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਉਹ ਐਨਡੀਪੀ ਤੋਂ ਅੱਗੇ ਚੱਲ ਰਹੇ ਹਨ। ਐਨਡੀਪੀ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ 2 ਜੂਨ ਨੂੰ ਵੋਟਾਂ ਵਾਲੇ ਦਿਨ ਗੈਰ ਪੀਸੀ ਵੋਟ ਐਨਡੀਪੀ ਨੂੰ ਹੀ ਮਿਲੇਗੀ।

# ਮਿਸੀਸਾਗਾ ਵਿੱਚ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਹਲਾਕ

ਮਿਸੀਸਾਗਾ, 26 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ। ਮਾਰਿਆ ਗਿਆ ਵਿਅਕਤੀ ਆਪਣੇ 30ਵਿਆਂ ਵਿੱਚ ਸੀ। ਅੱਧੀ ਰਾਤ ਤੋਂ ਬਾਅਦ ਹਾਈਵੇਅ 401 ਦੇ ਦੱਖਣ ਵੱਲ ਮੈਵਿਸ ਰੋਡ ਤੇ ਬੈਂਕ੍ਰੌਫਟ ਡਰਾਈਵ ਉੱਤੇ ਹਾਦਸੇ ਦੀ ਜਾਣਕਾਰੀ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਾ-ਰਆ ਗਿਆ ਵਿਅਕਤੀ ਲਾਂਘੇ ਦੇ ਕੋਲੋਂ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਇੱਕ ਗੱਡੀ ਵੱਲੋਂ ਉਸ ਨੂੰ ਟੱਕਰ ਮਾਰੀ ਗਈ।

ਉਸ ਨੂੰ ਟਰੌਮਾ ਸੈਂਟਰ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਗੱਡੀ ਵੱਲੋਂ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ।ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਰਾਇਰਸਨ ਯੂਨੀਵਰਸਿਟੀ ਦਾ ਨਾਂ ਹੋਵੇਗਾ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ




ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਰਾਇਰਸਨ ਯੂਨੀਵਰਸਿਟੀ ਦਾ ਨਾਂ ਬਦਲ ਕੇ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ ਰੱਖਿਆ ਜਾ ਰਿਹਾ ਹੈ। ਮੰਗਲਵਾਰ ਨੂੰ ਬੋਰਡ ਆਫ ਗਵਰਨਰਜ਼ ਨੇ ਸਰਬਸੰਮਤੀ ਨਾਲ ਇਸ ਨਵੇਂ ਨਾਂ ਉੱਤੇ ਮੋਹਰ ਲਾਈ।

...ਬਾਕੀ ਪੰਨਾ 3 'ਤੇ

# ਐਨਡੀਪੀ ਨੇ ਲਾਂਚ ਕੀਤਾ ਆਪਣਾ ਪਲੇਟਫਾਰਮ

ਓਨਟਾਰੀਓ, 26 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਚੋਣ ਕੈਂਪੇਨ 4 ਮਈ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਨਹੀਂ ਹੈ ਪਰ ਇੰਜ ਲੱਗ ਰਿਹਾ ਹੈ ਕਿ ਚੋਣ ਲਈ ਦੌੜ ਦਾ ਬਿਗਲ ਅੱਜ ਤੋਂ ਵੱਜ ਗਿਆ ਹੈ। ਐਂਡਰੀਆ ਹੌਰਵਥ ਤੇ ਐਨਡੀਪੀ ਵੱਲੋਂ 92 ਪੰਨਿਆਂ ਦੇ ਪਲੇਟਫਾਰਮ ਦਾ ਖੁਲਾਸਾ ਕੀਤਾ ਗਿਆ, ਜਿਸ ਤਹਿਤ ਹੈਲਥ ਕੇਅਰ ਵਿੱਚ ਨਵੇਂ ਨਿਵੇਸ਼ ਦਾ ਵਾਅਦਾ ਕੀਤਾ ਗਿਆ ਤੇ ਘੱਟ ਤੇ ਦਰਮਿਆਨੀ ਆਮਦਨ ਵਾਲੇ ਰੈਜ਼ੀਡੈਂਟਸ ਲਈ ਇਨਕਮ ਟੈਕਸ ਨੂੰ ਫਰੀਜ਼ ਕਰਨ ਦੇ ਪ੍ਰਬੰਧ ਦੀ ਗੱਲ ਵੀ ਕੀਤੀ ਗਈ।

...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਰਾਇਰਸਨ ਯੂਨੀਵਰਸਿਟੀ ਦਾ ਨਾਂ ਹੋਵੇਗਾ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ

ਪੰਨਾ 1 ਦਾ ਬਾਕੀ

ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਰਾਇਰਸਨ ਵੱਲੋਂ ਨਿਭਾਈ ਗਈ ਭੂਮਿਕਾ ਦੇ ਮੱਦੇਨਜ਼ਰ ਇਸ ਯੂਨੀਵਰਸਿਟੀ ਦਾ ਨਾਂ ਬਦਲਣ ਦੀ ਕਵਾਇਦ ਲੰਮੇਂ ਸਮੇਂ ਤੋਂ ਚੱਲ ਰਹੀ ਸੀ। ਪ੍ਰੈਜ਼ੀਡੈਂਟ ਤੇ ਵਾਈਸ ਚਾਂਸਲਰ ਮੁਹੰਮਦ ਲਾਚੇਮੀ ਨੇ ਆਖਿਆ ਕਿ ਸਾਡੀ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਇਹ ਕਾਫੀ ਅਹਿਮ ਪਲ ਹਨ, ਅਸੀਂ ਉਸ ਨਾਂ ਨਾਲ ਅੱਗੇ ਵਧਾਂਗੇ ਜਿਹੜਾ ਸਾਡੀਆਂ ਕਦਰਾਂ ਕੀਮਤਾਂ ਨੂੰ ਬਿਹਤਰ ਢੰਗ ਨਾਲ ਬਿਆਨੇ ਤੇ ਸਾਨੂੰ ਭਵਿੱਖ ਵਿੱਚ ਲਿਜਾਵੇ।

ਇਸ ਤਬਦੀਲੀ ਲਈ ਪਿਛਲੀਆਂ ਗਰਮੀਆਂ ਵਿੱਚ ਕਾਫੀ ਮੁਜ਼ਾਹਰੇ ਹੋਏ। ਇੱਥੋਂ ਤੱਕ ਕਿ ਕੈਂਪਸ ਵਿੱਚ ਮੌਜੂਦ ਐਗਰਟਨ ਰਾਇਰਸਨ ਦਾ ਬੁੱਤ ਵੀ ਉਖਾੜ ਸੁੱਟਿਆ ਗਿਆ। ਕੈਮਲੂਪਸ, ਬੀਸੀ ਵਿੱਚ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਜ਼ਮੀਨ ਤੋਂ ਮਿਲੀਆਂ 215 ਵਿਦਿਆਰਥੀਆਂ ਦੀਆਂ ਕਬਰਾਂ ਤੋਂ ਬਾਅਦ ਇਹ ਮੁਜ਼ਾਹਰੇ ਸ਼ੁਰੂ ਹੋਏ।ਯੂਨੀਵਰਸਿਟੀ ਦੇ ਮੁੜ ਨਾਮਕਰਣ ਦੀ ਪ੍ਰਕਿਰਿਆ ਵਿੱਚ ਇੱਕ ਕਮੇਟੀ ਕਾਇਮ ਕੀਤੀ ਗਈ ਜਿਸ ਨੇ ਕਮਿਊਨਿਟੀ ਦੇ 30,000 ਮੈਂਬਰਾਂ ਦੀ ਪ੍ਰਤੀਕਿਰਿਆ ਅਤੇ 2600 ਨਾਂਵਾਂ ਦੀ ਜਾਂਚ ਕਰਨੀ ਸੀ।ਆਖਿਰਕਾਰ ਇਸ ਯੂਨੀਵਰਸਿਟੀ ਲਈ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ ਨਾਂ ਚੁਣਿਆ ਗਿਆ।

# ਅੱਠ ਗੱਡੀਆਂ ਨੂੰ ਟੱਕਰ ਮਾਰਨ ਵਾਲੀ ਕਾਰ ਦਾ ਡਰਾਈਵਰ ਗ੍ਰਿਫਤਾਰ

ਮਿਸੀਸਾਗਾ, 26 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ 8 ਗੱਡੀਆਂ ਨੂੰ ਟੱਕਰ ਮਾਰਨ ਵਾਲੀ ਕਾਰ ਦੇ ਡਰਾਈਵਰ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

ਸਵੇਰੇ 11:00 ਵਜੇ ਤੋਂ ਬਾਅਦ ਹੁਰੌਨਤਾਰੀਓ ਸਟਰੀਟ, ਕਿਊਈਡਬਲਿਊ ਨੇੜੇ ਤੇ ਬਰਨਹੈਮਥੌਰਪ ਰੋਡ ਨੇੜੇ ਮਿਲੀਆਂ 8 ਹਾਦਸਿਆਂ ਦੀਆਂ ਖਬਰਾਂ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ।ਪੁਲਿਸ ਨੇ ਦੱਸਿਆ ਕਿ ਇਨ੍ਹਾਂ ਸਾਰੇ ਹਾਦਸਿਆਂ ਲਈ ਇੱਕ ਕਾਲੇ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਕੈਡੀਲੈਕ ਜ਼ਿੰਮੇਵਾਰ ਸੀ।



ਕਾਂਸਟੇਬਲ ਅਖਿਲ ਮੂਕਨ ਨੇ ਦੱਸਿਆ ਕਿ ਇਹ ਗੱਡੀ ਅੱਠ ਵੱਖ ਵੱਖ ਗੱਡੀਆਂ ਨਾਲ ਟਕਰਾਈ। ਜਦੋਂ ਗੱਡੀ ਚੱਲਣ ਦੀ ਹਾਲਤ ਵਿੱਚ ਨਾ ਰਹੀ ਤਾਂ ਉਸ ਦਾ ਡਰਾਈਵਰ ਗੱਡੀ ਵਿੱਚੋਂ ਉਤਰ ਕੇ ਭੱਜ ਨਿਕਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਪੁਲਿਸ ਅਧਿਕਾਰੀਆਂ ਵੱਲੋਂ ਉਸ ਨੂੰ ਲੱਭ ਕੇ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਹਾਦਸਿਆਂ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋਇਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਾਲ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 3 ਜ਼ਖ਼ਮੀ, ਇੱਕ ਹਿਰਾਸਤ ਵਿੱਚ

ਟੋਰਾਂਟੋ, 26 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਸਕਾਰਬਰੋ ਦੇ ਟਾਊਨ ਸੈਂਟਰ ਮਾਲ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਜਦਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।

ਸ਼ਾਮੀਂ 7:00 ਵਜੇ ਤੋਂ ਬਾਅਦ ਪੁਲਿਸ ਨੇ ਆਨਲਾਈਨ ਇਹ ਜਾਣਕਾਰੀ ਦਿੱਤੀ ਕਿ ਇਹ ਘਟਨਾ 300 ਬਰੋ ਡਰਾਈਵ ਉੱਤੇ ਸਥਿਤ ਮਾਲ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ 6:30 ਵਜੇ ਦੇ ਨੇੜੇ ਤੇੜੇ ਇੱਥੇ ਕੁੱਝ ਲੋਕਾਂ ਵਿੱਚ ਝਗੜਾ ਹੋ ਗਿਆ ਤੇ ਜਿੰਨੇ ਚਿਰ ਨੂੰ ਪੁਲਿਸ



ਪਹੁੰਚੀ ਓਨੀ ਦੇਰ ਨੂੰ ਤਿੰਨ ਵਿਅਕਤੀ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋ ਚੁੱਕੇ ਸਨ।

ਪੁਲਿਸ ਨੇ ਦੱਸਿਆ ਕਿ ਤਿੰਨੇ ਜ਼ਖ਼ਮੀ ਵਿਅਕਤੀ ਹਸਪਤਾਲ ਵਿੱਚ ਜੇਰੇ ਇਲਾਜ ਹਨ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਸ ਕੋਲੋਂ ਚਾਕੂ ਵੀ ਬਰਾਮਦ ਹੋਇਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


# ਐਨਡੀਪੀ ਨੇ ਲਾਂਚ ਕੀਤਾ ਆਪਣਾ ਪਲੇਟਫਾਰਮ

ਪੰਨਾ 1 ਦਾ ਬਾਕੀ

ਹੋਰਨਾਂ ਪਾਰਟੀਆਂ ਵੱਲੋਂ ਇਸ ਤਰ੍ਹਾਂ ਦੇ ਵਾਅਦੇ ਨਹੀਂ ਕੀਤੇ ਜਾ ਰਹੇ ਪਰ 2 ਜੂਨ ਨੂੰ ਵੋਟਰਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਉਨ੍ਹਾਂ ਕੋਲ ਕਈ ਅਜਿਹੇ ਈਵੈਂਟਸ ਜ਼ਰੂਰ ਹਨ। ਐਨਡੀਪੀ ਦੇ ਪਲੇਟਫਾਰਮ ਵਿੱਚ ਕਿਫਾਇਤੀ ਘਰਾਂ ਤੋਂ ਲੈ ਕੇ ਹਰ ਚੀਜ਼ ਦੀ ਗੱਲ ਕੀਤੀ ਗਈ ਹੈ। ਉਹ ਹਰ ਸਾਲ 100,000 ਨਵੀਆਂ ਯੂਨਿਟਾਂ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਤੇ ਬਿਹਤਰ ਹੈਲਥਕੇਅਰ ਲਈ 60,000 ਨਵੀਆਂ ਸਪੋਰਟਿਵ ਹਾਊਸਿੰਗ ਯੂਨਿਟ ਤਿਆਰ ਕਰਨਾ ਚਾਹੁੰਦੇ ਹਨ।

ਇਸ ਦੇ ਨਾਲ ਐਨਡੀਪੀ ਵੱਲੋਂ ਆਪਣੇ ਪਲੇਟਫਾਰਮ ਵਿੱਚ 2026 ਤੱਕ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨ ਤੇ ਘੱਟ ਤੇ ਦਰਮਿਆਨੀ ਆਮਦਨ ਵਾਲੇ ਕੈਨੇਡੀਅਨਜ਼ ਲਈ ਇਨਕਮ ਟੈਕਸ ਫਰੀਜ਼ ਕਰਨ ਦੀ ਗੱਲ ਆਖੀ।ਟੋਰਾਂਟੋ ਵਿੱਚ ਆਪਣੇ ਸਮਰਥਕਾਂ ਸਾਹਮਣੇ ਐਨਡੀਪੀ ਆਗੂ ਨੇ ਇਸ ਪਲੇਟਫਾਰਮ ਦਾ ਐਲਾਨ ਜ਼ਰੂਰ ਕੀਤਾ ਪਰ ਉਨ੍ਹਾਂ ਇਸ ਉੱਤੇ ਆਉਣ ਵਾਲੀ ਲਾਗਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।ਇਸ ਵਾਰੀ ਐਨਡੀਪੀ ਵੱਲੋਂ ਮਜ਼ਬੂਤ, ਤਿਆਰ ਤੇ ਤੁਹਾਡੇ ਲਈ ਕੰਮ ਕਰਨ ਦਾ ਨਾਅਰਾ ਦਿੱਤਾ ਹੈ। ਇਸ ਪਲੇਟਫਾਰਮ ਵਿੱਚ ਕਈ ਵਾਅਦੇ 2018 ਵਾਲੇ ਵੀ ਹਨ ਜਿਨ੍ਹਾਂ ਵਿੱਚ ਡੈਂਟਲ ਤੇ ਦਵਾਈਆਂ ਦੀ ਕਵਰੇਜ ਮੁੱਖ ਹਨ।

# ਛੁਰੇਬਾਜ਼ੀ ਵਿੱਚ ਦੋ ਵਿਦਿਆਰਥੀ ਜ਼ਖ਼ਮੀ



ਮਿਸੀਸਾਗਾ, 26 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਨੂੰ ਮਿਸੀਸਾਗਾ ਹਾਈ ਸਕੂਲ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਦੋ ਵਿਦਿਆਰਥੀ ਜ਼ਖ਼ਮੀ ਹੋ ਗਏ। ਦੋਵਾਂ ਵਿਦਿਆਰਥੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਪੀਲ ਪੁਲਿਸ ਨੂੰ ਦੁਪਹਿਰੇ 12:30 ਤੋਂ ਪਹਿਲਾਂ ਮੈਵਿਸ ਰੋਡ ਤੇ ਕਰਟਨੀਪਾਰਕ ਡਰਾਈਵ ਉੱਤੇ ਸਥਿਤ ਸੇਂਟ ਮਾਰਸੇਲੀਨਸ ਸੈਕੰਡਰੀ ਸਕੂਲ ਸੱਦਿਆ ਗਿਆ।ਪੁਲਿਸ ਅਧਿਕਾਰੀਆਂ ਨੂੰ ਸਕੂਲ ਦੀ ਪ੍ਰਾਪਰਟੀ ਉੱਤੇ ਇੱਕ ਵਿਦਿਆਰਥੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਦੂਜੇ ਵਿਦਿਆਰਥੀ ਨੇ ਫਰਸਟ ਰਿਸਪਾਂਡਰਜ਼ ਤੱਕ ਆਪ ਹੀ ਪਹੁੰਚ ਕੀਤੀ ਤੇ ਉਸ ਦਾ ਵੀ ਇਲਾਜ ਕਰਵਾਇਆ ਗਿਆ। ਇਹ ਘਟਨਾ ਸਕੂਲ ਦੇ ਨੇੜੇ ਸਥਿਤ ਖੇਤਾਂ ਵਿੱਚ ਵਾਪਰੀ ਤੇ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਹੀ ਵਿਦਿਆਰਥੀ 18 ਸਾਲ ਤੋਂ ਘੱਟ ਉਮਰ ਦੇ ਸਨ।ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਉਹ ਜਾਣਦੇ ਸਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਅਤੇ ਦਿੱਲੀ ਸਰਕਾਰਾਂ ਵਿਚਾਲੇ 'ਨਾਲੇਜ ਸ਼ੇਅਰਿੰਗ' ਸਮਝੌਤਾ

ਨਵੀਂ ਦਿੱਲੀ, 26 ਅਪਰੈਲ, (ਪੋਸਟ ਬਿਊਰੋ)- ਪੰਜਾਬ ਤੇ ਦਿੱਲੀ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੀ ਅਗਵਾਈ ਹੇਠ ਦੋਵਾਂ ਸਰਕਾਰਾਂ ਨੇਅੱਜਇਕ ਸਮਝੌਤੇ ਉੱਤੇ ਦਸਖਤ ਕੀਤੇ ਹਨ, ਜਿਸ ਨਾਲ ਦੋਵਾਂ ਸਰਕਾਰਾਂ ਦਾ ਇੱਕ ਆਪਣੀ ਕਿਸਮ ਦਾ ਨਵਾਂ 'ਨਾਲੇਜ ਸ਼ੇਅਰਿੰਗ ਐਗਰੀਮੈਂਟ' ਕੀਤਾ ਗਿਆ ਹੈ। ਏਦਾਂ ਦਾ ਕੋਈ ਸਮਝੌਤਾ ਭਾਰਤ ਦੇ ਕਿਸੇ ਦੋ ਰਾਜਾਂ ਵਿਚਾਲੇ ਅੱਜ ਤੱਕ ਨਹੀਂ ਸੀ ਕੀਤਾ ਗਿਆ। ਇਸ ਸਮਝੌਤੇ ਦਾ ਮਕਸਦ ਦੋਵਾਂ ਰਾਜਾਂ ਵਿੱਚ ਹੁੰਦੇ ਕੰਮਾਂ ਦੀ ਜਾਣਕਾਰੀ ਅਤੇ ਨਵੇਂ ਵਿਚਾਰਾਂ ਦਾ ਆਪਸ ਵਿੱਚ ਤਬਾਦਲਾ ਦੱਸਿਆ ਗਿਆ ਹੈ।

ਅੱਜ ਇਸ ਸਮਝੌਤੇ ਪਿੱਛੋਂ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਦੋਵਾਂ ਮੁੱਖ ਮੰਤਰੀਆਂ ਨੇ ਨਾਲੇਜ ਸ਼ੇਅਰਿੰਗ ਸਮਝੌਤੇਦੀ ਵਿਆਖਿਆ ਕੀਤੀ ਤਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ

*** ਮਾਨ ਨੇ ਕਿਹਾ: ਪੰਜਾਬ ਦੇ ਸਕੂਲ ਦਿੱਲੀ ਵਰਗੇ ਬਣਾਵਾਂਗੇ**

ਨੇ ਕਿਹਾ ਕਿ ਵਿਦਿਆ ਦਾ ਦਿੱਲੀ ਮਾਡਲ ਪੰਜਾਬ ਵਿੱਚ ਵੀਲਿਆਉਣ ਦੀ ਤਿਆਰੀ ਹੋ ਰਹੀ ਹੈ ਤੇਦਿੱਲੀ ਦੀਆਂਜਿਹੜੀਆਂ ਸਿਹਤ ਅਤੇ ਸਿੱਖਿਆਸਹੂਲਤਾਂ ਦੀ ਪੂਰੇ ਦੇਸ਼ ਵਿੱਚ ਚਰਚਾ ਸੀ, ਇਨ੍ਹਾਂ ਬਾਰੇ ਅੱਜ ਸਮਝੌਤਾ ਕੀਤਾ ਹੈ।ਉਨ੍ਹਾ ਕਿਹਾ ਕਿ ਦਿੱਲੀ ਤੋਂ ਸਿੱਖ ਕੇ ਪੰਜਾਬ ਵਿੱਚ ਵੀ ਚੰਗੇ ਕੰਮ ਕੀਤੇ ਜਾਣਗੇ ਤੇ ਪੰਜਾਬ ਵਿਚਲੇ ਕੰਮਾਂ ਤੋਂ ਦਿੱਲੀਸਰਕਾਰ ਸਿੱਖੇਗੀ। ਅਗਲੇ ਦਿਨੀਂ ਪੰਜਾਬ ਵਿੱਚਕਈ ਚੰਗੇ ਕੰਮ ਕੀਤੇ ਜਾਣਗੇ।ਕੇਜਰੀਵਾਲ ਨੇ ਕਿਹਾ ਕਿ ਸਿਰਫ ਇਸੇ ਉਦੇਸ਼ ਨਾਲ ਦੋਹਾਂ ਸਰਕਾਰਾਂ ਨੇ 'ਨਾਲੇਜ ਸ਼ੇਅਰਿੰਗ ਐਗਰੀਮੈਂਟ' ਉੱਤੇ ਦਸਤਖ਼ਤ ਕੀਤੇ ਹਨ, ਜਿਸ ਦਾ ਮਤਲਬ ਗਿਆਨ ਦਾ ਤਬਾਦਲਾ ਹੈ। ਇਸ ਸਮਝੌਤੇ ਨਾਲ ਦੋ ਸਰਕਾਰਾਂ ਇਕ-ਦੂਜੇ ਨਾਲ ਹਰ ਖੇਤਰ



ਵਿੱਚ ਗਿਆਨ ਸਾਂਝਾ ਕਰਨਗੀਆਂ ਤੇ ਇੱਕ ਦੂਸਰੇ ਦੀ ਤਕਨੀਕ ਲੋੜ ਮੁਤਾਬਕ ਵਰਤ ਸਕਣਗੀਆਂ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿੱਚਸਿੱਖਿਆ ਤੇ ਸਿਹਤ ਬਾਰੇ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਪੰਜਾਬ ਵਿੱਚ 19 ਹਜ਼ਾਰ ਤੋਂ ਵੱਧ ਸਕੂਲ ਹਨ, ਓਥੇ ਹਸਪਤਾਲਾਂ ਵਿੱਚ ਡਾਕਟਰ ਤੇ ਸਕੂਲਾਂ ਵਿੱਚਟੀਚਰ ਹਨ, ਪਰ ਇੰਫ੍ਰਾਸਟਕਚਰ ਦੀ ਘਾਟ ਹੈ।ਓਥੇਸਿੱਖਿਆ ਦਾ ਪੱਧਰ ਚੁੱਕਣ ਲਈ ਕੰਮ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਦਿੱਲੀ ਵਾਲੀਆਂ ਸਹੂਲਤਾਂ ਕੈਨੇਡਾ, ਅਮਰੀਕਾ ਵਿੱਚ ਵੀ ਨਹੀਂ।ਉਨ੍ਹਾ ਕਿਹਾ ਕਿ ਸਿੱਖਿਆ ਤੇ ਸਿਹਤ ਸਹੂਲਤਾਂ ਦੇ ਨਾਲ ਖੇਤੀਬਾਰੇ ਵੀ ਅਸੀਂ ਮਿਲ ਕੇ ਕੰਮ ਕਰਾਂਗੇ।ਉਨ੍ਹਾ ਕਿਹਾ ਕਿ ਨਾਲੇਜ ਸ਼ੇਅਰਿੰਗ ਸਮਝੌਤੇ ਨਾਲ ਸਾਡਾ ਮਕਸਦ ਪੰਜਾਬ ਨੂੰ ਫਿਰ ਪੰਜਾਬ ਬਣਾਉਣਾ ਹੈ,ਇਸ ਨੂੰ ਪਹਿਲਾਂ ਪੰਜਾਬ ਬਣਾਉਣਾ ਹੈ, ਕੈਲੋਫੋਰਨੀਆ ਜਾਂ ਲੰਡਨ ਨਹੀਂ।


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


# ਕਾਂਗਰਸ ਨਾਲੋਂ ਨਾਤਾ ਤੋੜਦੇ ਸਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਨਵਜੋਤ ਸਿੱਧੂ ਨਾਲ ਮੁਲਾਕਾਤ

ਨਵੀਂ ਦਿੱਲੀ, 26 ਅਪਰੈਲ, (ਪੋਸਟ ਬਿਊਰੋ)- ਚੋਣ ਰਣਨੀਤੀ ਦੇ ਮਾਹਰ ਪ੍ਰਸ਼ਾਂਤ ਕਿਸ਼ੋਰ ਦੀ ਕਾਂਗਰਸ ਵਿੱਚ ਐਂਟਰੀ ਦੇ ਬਾਰੇ ਸਸਪੈਂਸ ਖਤਮ ਹੋ ਗਿਆ ਹੈ।ਉਹ ਕਾਂਗਰਸ ਵਿੱਚ ਸ਼ਾਮਲ ਨਹੀਂ ਹੋਣਗੇ। ਕਾਂਗਰਸ ਨੇਤਾ ਰਣਦੀਪ ਸੁਰਜੇਵਾਲਾ ਨੇ ਅੱਜ ਇੱਕ ਟਵੀਟ ਕਰਕੇ ਇਸ ਬਾਰੇ ਸਾਰੀ ਜਾਣਕਾਰੀ ਜਾਰੀ ਕਰਦਿੱਤੀ ਹੈ।

ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਨੇ ਖੁਦ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ।ਸੁਰਜੇਵਾਲਾ ਨੇ ਕਿਹਾ ਕਿ ਅਸੀਂ ਉਨ੍ਹਾਂ ਦੇ ਯਤਨਾਂ ਤੇ ਪਾਰਟੀ ਨੂੰ ਦਿੱਤੇ ਸੁਝਾਵਾਂ ਦੀ ਸ਼ਲਾਘਾ ਕਰਦੇ ਹਾਂ। ਪ੍ਰਸ਼ਾਂਤ ਕਿਸ਼ੋਰ ਨਾਲ ਵਿਚਾਰ-ਵਟਾਂਦਰਾ ਤੇ ਪ੍ਰੈਜ਼ੇਂਟਸ਼ਨ ਦੇਣ ਪਿੱਛੋਂ ਕਾਂਗਰਸ ਪ੍ਰਧਾਨ ਨੇ ਇਕ ਇੰਪਾਵਰਡ ਐਕਸ਼ਨ ਗਰੁੱਪ ਬਣਾਇਆਅਤੇ ਉਨ੍ਹਾਂ ਨੂੰ ਇਸ ਗਰੁੱਪ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਪਰ ਉਨ੍ਹਾਂ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਨਾਲ ਇਹ ਚੈਪਟਰ ਇੱਕ ਤਰ੍ਹਾਂ ਬੰਦ ਹੋ ਗਿਆ ਹੈ।

ਚੋਣ ਰਣਨੀਤੀਆਂ ਦੇ ਮਾਹਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਕਾਂਗਰਸ ਦੀ ਪੇਸ਼ਕਸ਼ ਠੁਕਰਾਉਣ ਪਿੱਛੋਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਤੇ ਫਿਰਸਿੱਧੂ ਨੇ ਆਪਣੇ ਅੰਦਾਜ਼ ਵਿੱਚ ਜੋ ਕਿਹਾ, ਉਸ ਨਾਲ ਸਿਆਸਤ ਵਿੱਚ ਨਵੀਂ ਚਰਚਾ ਚੱਲ ਪਈ ਕਿ ਕੀ ਸਿੱਧੂ ਨਵੀਂ ਸਿਆਸੀ ਰੇਖਾ ਖਿੱਚਣ ਵਾਲੇ ਹਨ। ਅੱਜ ਪ੍ਰਸ਼ਾਂਤ ਕਿਸ਼ੋਰ ਨੂੰ ਮਿਲਣ ਬਾਰੇ ਨਵਜੋਤ ਸਿੰਘਸਿੱਧੂ ਨੇ ਕਿਹਾ, 'ਪੁਰਾਣੀ ਸ਼ਰਾਬ, ਪੁਰਾਣਾ ਸੋਨਾ ਅਤੇ ਪੁਰਾਣੇ ਦੋਸਤ ਅਜੇ ਵੀ ਵਧੀਆ ਹਨ।' ਇਸ ਮੁਲਾਕਾਤ ਦੀ ਫੋਟੋ ਟਵਿੱਟਰ ਉੱਤੇਸਾਂਝੀ ਕਰ ਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ, 'ਪੁਰਾਣੇ ਦੋਸਤ ਪੀਕੇ ਨਾਲ ਸ਼ਾਨਦਾਰ ਮੁਲਾਕਾਤ,



ਪੁਰਾਣੀ ਸ਼ਰਾਬ, ਪੁਰਾਣਾ ਸੋਨਾ ਅਤੇ ਪੁਰਾਣੇ ਦੋਸਤ ਅਜੇ ਵੀ ਵਧੀਆ ਹਨ!!!'

ਵਰਣਣ ਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਪ੍ਰਸ਼ਾਂਤ ਕਿਸ਼ੋਰ ਦੇ ਸੁਝਾਵਾਂ ਅਤੇ ਉਨ੍ਹਾਂ ਦੇ ਕਾਂਗਰਸਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਬਾਰੇ ਕਾਂਗਰਸ ਵਿੱਚ ਵਿਚਾਰ ਚੱਲ ਰਿਹਾ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਸ਼ਾਂਤ ਕਿਸ਼ੋਰ ਦੇ ਸੁਝਾਵਾਂ ਉੱਤੇ ਵਿਚਾਰ ਲਈ ਕਮੇਟੀ ਬਣਾਈ ਸੀ, ਜਿਸ ਦੀ ਰਿਪੋਰਟ ਉੱਤੇ ਵਿਚਾਰ ਮਗਰੋਂ ਅਗਲੀਆਂ ਲੋਕ ਸਭਾ ਚੋਣਾਂ ਦੇ ਲਈ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਲਈ 'ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਕਿੰਗ ਗਰੁੱਪ-2024' ਬਣਾਉਣ ਦਾ ਫੈਸਲਾ ਕੀਤਾ ਹੈ। ਪ੍ਰਸ਼ਾਂਤ ਕਿਸ਼ੋਰ ਨਾਲਨਵਜੋਤ ਸਿੰਘ ਸਿੱਧੂ ਦੀ ਮੁਲਾਕਾਤ ਤੋਂ ਬਾਅਦ ਸਵਾਲ ਉੱਠਦੇ ਹਨ ਕਿ ਸਿੱਧੂ ਦੀਆਂ ਨਵੀਆਂ ਸਿਆਸੀ ਸਰਗਰਮੀਆਂ ਪਿੱਛੇ ਪ੍ਰਸ਼ਾਂਤ ਕਿਸ਼ੋਰ ਦੀ ਕੀ ਭੂਮਿਕਾ ਹੈ। ਪਾਰਟੀ ਦੇਪੰਜਾਬ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਨਵਜੋਤ ਸਿੰਘਸਿੱਧੂ ਲਗਾਤਾਰ ਸਰਗਰਮ ਨਜ਼ਰ ਆ ਰਹੇ ਹਨ। ਉਹ ਅੱਧੀ ਦਰਜਨ ਤੋਂ ਵੱਧ ਸਾਬਕਾ ਕਾਂਗਰਸੀ ਵਿਧਾਇਕਾਂ ਨਾਲ ਪੰਜਾਬ ਵਿੱਚ ਘੁੰਮ ਰਹੇ ਹਨ ਤੇ ਨਾ ਸਿਰਫ਼ ਧਰਨੇ ਦੇ ਰਹੇ ਹਨ, ਸਗੋਂ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਘਰ ਵੀ ਜਾ ਰਹੇ ਹਨ।


## ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



## SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



## ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



## UK TRUCK TRAINING CENTRE
ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

- Automatic & Manual Trucks
1 on 1 Training
- Forklift Training

Forklift $79 Recertification
Counterbalance
Reach Truck

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ >>

ਮੁੱਦੇ ਪਹਿਲੇ ਦੀ ਮੁੱਕੀ ਨਾ ਬਹਿਸ ਹੁੰਦੀ,
ਮੁੱਦਾ ਨਵਾਂ ਕੋਈ ਮੂਹਰੇ ਈ ਖੜਾ ਹੁੰਦਾ।
ਧੜਾ ਇੱਕ ਕੋਈ ਮੁੱਦੇ ਨੂੰ ਠੀਕ ਕਹਿੰਦਾ,
ਦੂਸਰੀ ਟੋਲੀ ਦਾ ਰੁਖ ਜਿਹਾ ਕੜਾ ਹੁੰਦਾ।
ਆਮ ਲੋਕਾਂ ਨੂੰ ਰਤਾ ਨਹੀਂ ਸਮਝ ਪੈਂਦੀ,
ਵੇਖਣ ਲੋਕ ਬੇਸ਼ੱਕ ਝਗੜਾ ਬੜਾ ਹੁੰਦਾ।
ਧਿਰਾਂ ਦੋਵੇਂ ਜਦ ਭਿੜਨ ਤਾਂ ਇੰਝ ਦਿੱਸਣ,
ਜਿੱਦਾਂ ਲੁੱਟ ਗਿਆ ਘਿਉ ਦਾ ਘੜਾ ਹੁੰਦਾ।
ਲੋਕਾਂ ਮੂਹਰੇ ਤਾਂ ਝਗੜਦੇ ਫਿਰਨ ਲੀਡਰ,
ਸਾਂਝਾਂ ਆਪਸ ਦੇ ਵਿੱਚ ਪਰ ਪੂਰੀਆਂ ਈ।
ਰਾਜਨੀਤੀ ਦਾ ਇਹੋ ਜਿਹਾ ਦਾਅ ਮਿੱਤਰ,
ਵਿੱਚੋਂ ਇੱਕ, ਵਿਖਾਵੇ ਲਈ ਦੂਰੀਆਂ ਈ।

**ਤੀਸ ਮਾਰ ਖਾਂ**

# ਕੈਨੇਡਾ ਵਿੱਚ ਪੀਅਰ ਪੌਲੀਵੇ ਕੈਂਪੇਨ ਵੱਲੋਂ ਸ਼ਮਸ਼ੇਰ ਗਿੱਲ ਨੈਸ਼ਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ

ਟੋਰਾਂਟੋ ( ਬਲਜਿੰਦਰ ਸੇਖਾ )ਕਨੇਡਾ ਦੀ ਫੈਡਰਲ ਕੰਜ਼ਰਵਟਿਵ ਲੀਡਰਸ਼ਿਪ ਦੇ ਧੜੱਲੇਦਾਰ ਆਗੂ ਸ੍ਰੀ ਪੀਅਰ ਪੌਲੀਵੇ ਕੈਪੇਨ ਟੀਮ ਵੱਲੋਂ ਬਰੈਪਟਨ ਦੇ ਨੌਜਵਾਨ ਤਜਰ- ਬੇਕਾਰ , ਕੂਟਨੀਤਕ ਤੇ ਪੱਤਰਕਾਰ ਸ਼ਮਸ਼ੇਰ ਗਿੱਲ ਨੂੰ ਨੂੰ ਆਪਣਾ ਨੂੰ ਨੈਸਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ ।ਸ੍ਰੀ ਪੀਅਰ ਆਪਣੇ ਵਿਰੋਧੀਆਂ ਤੋਂ ਕਾਫ਼ੀ ਅੱਗੇ ਚੱਲ ਰਹੇ ਹਨ। ਉਹਨਾਂ ਦੀਆਂ ਰੈਲੀਆਂ ਵਿੱਚ ਹਜ਼ਾਰਾਂ ਲੋਕ ਆਪ ਮੁਹਾਰੇ ਉਹਨਾਂ ਨੂੰ ਸੁਣਨ ਪਹੁੰਚ ਰਹੇ ਹਨ।ਵਰਨਣਯੋਗ



ਹੈ ਕਿ ਜੇ ਸ੍ਰੀ ਪੀਅਰ ਪੋਲੀਵੇ ਇਹ ਚੋਣ ਜਿੱਤ ਜਾਦੇਂ ਹਨ ਤਾਂ ਉਹਨਾ ਮੁਕਾਬਲਾ ਜਸ਼ਟਿਨ ਟਰੂਡੋ ਤੇ ਜਗਮੀਤ ਸਿੰਘ ਨਾਲ ਮੁਕਾਬਲਾ ਹੋਵੇਗਾ ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ 'ਚ ਹੋਈਆਂ ਸਿੱਖ ਵਿਰਾਸਤੀ ਮਹੀਨੇ ਬਾਰੇ ਵਿਚਾਰਾਂ

***ਪੰਜਾਬ ਤੋਂ ਪਰਤੇ ਪ੍ਰੋ. ਤਲਵਿੰਦਰ ਮੰਡ ਤੇ ਡਾ. ਜਗਮੋਹਨ ਸੰਘਾ ਨੇ ਪੰਜਾਬ ਦੇ ਅਜੋਕੇ ਸਿਆਸੀ ਤੇ ਸਮਾਜਿਕ ਹਾਲਾਤ ਬਿਆਨ ਕੀਤੇ * ਰੂਬੀ ਕਰਤਾਰਪੁਰੀ ਦੀ ਪੁਸਤਕ 'ਯਾਦਾਂ' ਹੋਈ ਲੋਕ-ਅਰਪਿਤ, ਕਵੀ-ਦਰਬਾਰ ਵੀ ਹੋਇਆ**

ਬਰੈਂਪਟਨ, (ਡਾ. ਝੰਡ) - ਸੰਸਾਰ-ਭਰ ਵਿਚ ਫ਼ੈਲੀ ਕਰੋਨਾ ਮਹਾਂਮਾਰੀ ਦੇ ਲੰਮੇਂ ਸਮੇਂ ਤੱਕ ਚੱਲੇ ਮਾਰੂ ਅਸਰ ਤੋਂ ਬਾਅਦ ਮਿਲੀ ਰਾਹਤ ਪਿੱਛੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਇਸ ਮਹੀਨੇ ਦਾ ਸਮਾਗ਼ਮ ਮਰੋਕ ਲਾਅ ਆਫ਼ਿਸ ਸਥਿਤ 'ਪੰਜਾਬੀ ਭਵਨ ਟੋਰਾਂਟੋ' ਦੇ ਹਾਲ ਵਿਚ ਲੰਘੇ ਐਤਵਾਰ 17 ਅਪ੍ਰੈਲ ਨੂੰ ਵਿਅੱਕਤੀਗ਼ਤ ਰੂਪ ਵਿਚ ਆਯੋਜਿਤ ਕੀਤਾ ਗਿਆ। ਪਿਛਲੇ ਦੋ ਸਾਲ ਦੌਰਾਨ ਸਭਾ ਦੇ ਇਹ ਸਮਾਗ਼ਮ ਜ਼ੂਮ-ਮਾਧਿਅਮ ਰਾਹੀਂ ਹੀ ਸੰਭਵ ਹੋ ਸਕੇ ਸਨ। ਪ੍ਰਸਿੱਧ ਵਿਦਵਾਨ ਪੂਰਨ ਸਿੰਘ ਪਾਂਧੀ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਕੈਨੇਡਾ ਸਰਕਾਰ ਵੱਲੋਂ ਕਰਾਰ ਦਿੱਤੇ ਗਏ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਅਤੇ ਅਮੀਰ ਸਿੱਖ ਵਿਰਾਸਤ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਸਭਾ ਦੇ ਸਰਗ਼ਰਮ ਮੈਂਬਰ ਪ੍ਰੋ. ਤਲਵਿੰਦਰ ਮੰਡ ਅਤੇ ਡਾ. ਜਗਮੋਹਨ ਸੰਘਾ ਜੋ ਪਿਛਲੇ ਦਿਨੀ ਹੀ ਪੰਜਾਬ ਤੋਂ ਪਰਤੇ ਹਨ, ਵੱਲੋਂ ਪੰਜਾਬ ਵਿਚ ਮਾਰਚ ਮਹੀਨੇ ਨਵੀਂ ਸਰਕਾਰ ਦੇ ਬਣਨ ਤੋਂ ਬਾਅਦ ਬਦਲੇ ਹੋਏ ਸਿਆਸੀ ਅਤੇ ਸਮਾਜਿਕ ਹਾਲਾਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਬੀਤੇ ਦਿਨੀਂ ਸਭਾ ਦੇ ਮੈਂਬਰਾਂ ਸੁਰਿੰਦਰ ਸਿੰਘ ਸੰਧੂ ਤੇ ਜਸਵਿੰਦਰ ਸਿੰਘ ਅਤੇ ਹਰਜਸਪ੍ਰੀਤ ਗਿੱਲ ਦੇ ਪਿਤਾ ਜੀ ਹਰਦਿਆਲ ਸਿੰਘ ਦੇ ਅਚਾਨਕ ਅਕਾਲ-ਚਲਾਣੇ 'ਤੇ ਸ਼ੋਕ-ਮਤਾ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰੀਨ ਵੱਲੋਂ ਇਕ ਮਿੰਟ ਦਾ ਮੋਨ ਰੱਖ ਕੇ ਪ੍ਰਵਾਨਗੀ ਦਿੱਤੀ ਗਈ। ਸਮਾਗ਼ਮ ਦੀ ਰੂਪ-ਰੇਖਾ ਬਾਰੇ ਦੱਸਣ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗਤ ਤੋਂ ਬਾਅਦ ਬਰੈਂਪਟਨ ਦੇ ਪ੍ਰਸਿੱਧ ਵਿਦਵਾਨ ਪੂਰਨ ਸਿੰਘ ਪਾਂਧੀ ਨੂੰ ਸਿੱਖ ਹੈਰੀਟੇਜ ਮੰਥ ਅਤੇ ਸਿੱਖ ਵਿਰਾਸਤ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ 1469 ਈ. ਤੋਂ ਲੈ ਕੇ 1708 ਈ. ਤੱਕ ਦੇ ਗੁਰੂ-ਕਾਲ ਦੇ ਸਮੁੱਚੇ ਇਤਿਹਾਸ ਨੂੰ ਸੀਮਤ ਸਮੇਂ ਵਿਚ 'ਕੁੱਜੇ ਵਿਚ ਸਮੁੰਦਰ' ਵਾਂਗ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਮਹਾਨ ਫ਼ਲਸਫ਼ੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਅਤੇ ਸਮਾਜਿਕ ਬਰਾਬਰੀ ਦੇ ਸੰਦੇਸ਼ ਨੂੰ ਗੁਰੂ ਸਾਹਿਬ ਨੇ ਆਪਣੀਆਂ ਚਾਰ ਮਹਾਨ ਉਦਾਸੀਆਂ ਦੌਰਾਨ ਚਾਲੀ ਹਜ਼ਾਰ ਮੀਲ ਦਾ ਲੰਮਾ ਸਫ਼ਰ ਪੈਦਲ ਤੈਅ ਕਰਕੇ ਕੇਵਲ ਭਾਰਤ ਹੀ ਨਹੀਂ, ਸਗੋਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਪ੍ਰਚਾਰਿਆ। ਅਗਲੇ ਗੁਰੂ ਸਾਹਿਬਾਨ ਨੇ ਉਨ੍ਹਾਂ ਦੀ ਇਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ-ਪਿਆਰਿਆਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਜ਼ਾਤ-ਪਾਤ ਅਤੇ ਊਚ-ਨੀਚ ਨੂੰ ਜੜ੍ਹੋਂ ਖ਼ਤਮ ਕੀਤਾ ਤੇ ਸਮਾਜਿਕ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਦੇ ਇਸ ਵਿਚਾਰ ਨੂੰ ਅੱਗੇ ਵਧਾਉਂਦਿਆਂ ਕਰਨ ਅਜਾਇਬ ਸਿੰਘ ਸੰਘਾ ਨੇ ਕਿਹਾ ਕਿ ਪਹਿਲੇ ਨੌਂ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਥਿਊਰੀ ਦਿੱਤੀ ਅਤੇ ਇਸ ਦਾ ਪ੍ਰੈਕਟੀਕਲ ਦਸਵੇਂ ਗੁਰੂ ਗੋਬਿੰਦ ਸਿੰਘ ਨੇ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਚ ਹੋਏ ਕਈ ਹਜ਼ਾਰ ਲੋਕਾਂ ਦੇ ਇਕੱਠ ਵਿਚ 'ਖਾਲਸੇ' ਦੀ ਸਾਜਨਾ ਕਰਕੇ ਵਿਖਾਇਆ। ਉਨ੍ਹਾਂ ਨੇ ਸਿਰਲੱਥ ਧਰਮੀ ਯੋਧਿਆਂ ਦੀ ਖ਼ਾਲਸਾ ਫ਼ੌਜ ਤਿਆਰ ਕੀਤੀ ਜਿਸ ਨੇ ਸਮਾਂ ਪੈਣ 'ਤੇ ਲੱਖਾਂ ਦੀ ਗਿਣਤੀ ਵਿਚ ਦੁਸ਼ਮਣ ਫ਼ੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ।

ਪੰਜਾਬ ਤੋਂ ਬੀਤੇ ਦਿਨੀਂ ਪਰਤੇ ਪ੍ਰੋ. ਤਲਵਿੰਦਰ ਮੰਡ ਨੇ ਦੱਸਿਆ ਕਿ ਅਸੈਂਬਲੀ ਚੋਣਾਂ ਤੋਂ ਬਾਅਦ ਬਣੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਤੋਂ ਲੋਕ ਬਹੁਤ ਜਲਦੀ ਵੱਡੇ ਬਦਲਾਅ ਦੀ ਆਸ ਰੱਖ ਰਹੇ ਹਨ ਜੋ ਏਨੇ ਥੋੜ੍ਹੇ ਸਮੇਂ ਵਿਚ ਸੰਭਵ ਨਹੀਂ ਹੈ, ਕਿਉਂਕਿ ਆਈ.ਏ.ਐੱਸ. ਤੇ ਆਈ.ਪੀ.ਐੱਸ. ਅਫ਼ਸਰ ਤਾਂ ਓਹੀ ਹੀ ਹਨ ਜਿਨ੍ਹਾਂ ਦੀ ਜ਼ਿੰਮੇਵਾਰੀ ਰਾਜ-ਪ੍ਰਬੰਧ ਨੂੰ ਚਲਾਉਣ ਅਤੇ ਕਾਨੂੰਨੀ ਅਵਸਥਾ ਨੂੰ ਸਹੀ ਰੱਖਣ ਦੀ ਹੈ ਅਤੇ ਜਿੰਨਾਂ ਚਿਰ ਇਨ੍ਹਾਂ ਅਧਿਕਾਰੀਆਂ ਦੀ ਸੋਚ ਵਿਚ ਤਬਦੀਲੀ ਨਹੀਂ ਆਉਂਦੀ, ਓਨਾ ਚਿਰ ਇਹ ਤਬਦੀਲੀ ਸੰਭਵ ਨਹੀ ਹੋ ਸਕਦਾ। ਉਂਜ ਵੀ ਇਸ ਸਰਕਾਰ ਨੂੰ ਆਇਆਂ ਅਜੇ ਤਾਂ ਇਕ ਮਹੀਨਾ ਹੀ ਹੋਇਆ ਹੈ ਅਤੇ ਸਾਨੂੰ ਨੇੜ ਭਵਿੱਖ ਵਿਚ ਇਸ ਤੋਂ ਰਾਜ ਪ੍ਰਬੰਧ ਵਿਚ ਤਬਦੀਲੀ ਦੀ ਆਸ ਰੱਖਣੀ ਚਾਹੀਦੀ ਹੈ। ਅਸੀਂ ਪ੍ਰਦੇਸਾਂ ਵਿਚ ਬੈਠੇ ਪ੍ਰਵਾਸੀ ਪੰਜਾਬ ਦੀ ਖੁਸ਼ਹਾਲੀ ਲਈ ਹਮੇਸ਼ਾ ਦੁਆ ਮੰਗਦੇ ਹਾਂ ਅਤੇ ਇਸ ਦੇ ਲਈ ਯਤਨਸ਼ੀਲ ਵੀ ਹਾਂ, ਪਰ ਉੱਥੇ ਪੂਰੇ ਸਿਸਟਮ ਨੂੰ ਬਦਲਣ ਦੀ ਲੋੜ ਹੈ। ਉਨ੍ਹਾਂ ਦੀ ਇਸ ਗੱਲ ਨੂੰ ਅੱਗੇ ਤੋਰਦਿਆਂ ਡਾ. ਜਗਮੋਹਨ ਸੰਘਾ ਨੇ ਕਿਹਾ ਕਿ ਪਹਿਲਾਂ ਪੰਜਾਬ ਵਿਚ ਪੈਸੇ ਦੇ ਕੇ ਕੰਮ ਹੋ ਜਾਂਦੇ ਸਨ ਪਰ ਹੁਣ ਨਵੀਂ ਸਰਕਾਰ ਤੋਂ ਡਰਦਾ ਕੋਈ ਪੈਸੇ ਨਹੀ ਲੈਂਦਾ ਪਰ ਲੋਕਾਂ ਦੇ ਕੰਮ ਵੀ ਨਹੀਂ ਹੋ ਰਹੇ। ਇਸ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਆਪਣੇ ਨਾਲ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਚਾਹੁੰਦੇ ਹਾਂ ਕਿ ਉੱਥੇ ਸਿਸਟਮ ਵਿਚ ਤਬਦੀਲੀ ਆਏ ਅਤੇ ਪੰਜਾਬ ਦੀ



ਨਵੀਂ ਸਰਕਾਰ ਤੋਂ ਇਸ ਦੀ ਉਮੀਦ ਰੱਖਦੇ ਹਾਂ।

ਇਸ ਦੌਰਾਨ 'ਮਰੋਕ ਲਾਅ ਆਫ਼ਿਸ' ਦੇ ਵਕੀਲ ਵਿਪਨਦੀਪ ਸਿੰਘ ਮਰੋਕ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ 'ਪੰਜਾਬੀ ਭਵਨ ਟੋਰਾਂਟੋ' ਵਿਚ ਸਥਾਪਿਤ ਕੀਤੀ ਗਈ ਲਾਇਬ੍ਰੇਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਲਾਇਬ੍ਰੇਰੀ ਵਿਚ ਚਾਰ ਹਜ਼ਾਰ ਦੇ ਕਰੀਬ ਪੁਸਤਕਾਂ ਹੋ ਗਈਆਂ ਹਨ ਜੋ ਕਵਿਤਾ, ਨਾਟਕ, ਕਹਾਣੀ, ਨਾਵਲ, ਵਾਰਤਕ, ਜੀਵਨੀ, ਗੁਰਬਾਣੀ, ਸਿੱਖ ਧਰਮ, ਸਿੱਖ ਇਤਿਹਾਸ, ਸੱਭਿਆਚਾਰ, ਰਸੋਈ-ਕਲਾ, ਤੰਦਰੁਸਤੀ, ਖੇਡ-ਸਾਹਿਤ ਅਤੇ ਬਾਲ-ਸਾਹਿਤ, ਆਦਿ ਨਾਲ ਸਬੰਧਿਤ ਹਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਪਿਛਲੇ ਸਾਲ ਹੀ ਪੰਜਾਬ ਤੋਂ ਖ਼੍ਰੀਦ ਕੇ ਲਿਆਂਦੀਆਂ ਗਈਆਂ ਹਨ। ਛੋਟੇ ਬੱਚਿਆਂ ਲਈ ਪੰਜਾਬੀ ਦੀ ਪੈਂਤੀ ਸਿੱਖਣ ਲਈ ਮੁੱਢਲਾ-ਕਾਇਦਾ ਉਚੇਚੇ ਤੌਰ 'ਤੇ ਪੰਜਾਬ ਤੋਂ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਉਨ੍ਹਾਂ ਨੂੰ ਪੰਜਾਬੀ ਸਿੱਖਣ ਵਿਚ ਆਸਾਨੀ ਹੋਵੇਗੀ। ਵਿਪਨਦੀਪ ਮਰੋਕ ਦਾ ਕਹਿਣਾ ਸੀ ਕਿ 'ਪੰਜਾਬੀ ਭਵਨ ਟੋਰਾਂਟੋ' ਦਾ ਉਦੇਸ਼ "ਘਰ ਘਰ ਪੰਜਾਬੀ" ਲਿਜਾਣ ਦਾ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਇਸ ਲਾਇਬ੍ਰੇਰੀ ਦੇ ਮੈਂਬਰ ਬਣਨ ਲਈ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇ ਲਈ ਮਾਮੂਲੀ ਜਿਹੀ ਮੈਂਬਰਸ਼ਿਪ ਫ਼ੀਸ 25 ਡਾਲਰ ਸਲਾਨਾ ਰੱਖੀ ਗਈ ਹੈ ਤਾਂ ਜੋ ਇਸ ਦੇ ਨਾਲ ਪਾਠਕਾਂ ਦੀ ਸੰਜੀਦਗੀ ਬਣੀ ਰਹੇ ਅਤੇ ਲਾਇਬ੍ਰੇਰੀ ਦੀ ਮੇਂਟੀਨੈਂਸ ਲਈ ਲੋੜੀਂਦਾ ਖ਼ਰਚਾ ਵੀ ਚੱਲਦਾ ਰਹੇ। ਪੁਸਤਕਾਂ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹੀਆਂ ਜਾ ਸਕਦੀਆਂ ਅਤੇ ਇਹ ਮੈਂਬਰਾਂ ਨੂੰ ਘਰ ਲਿਜਾ ਕੇ ਪੜ੍ਹਨ ਲਈ ਦੋ ਹਫ਼ਤੇ ਲਈ ਜਾਰੀ ਵੀ ਕੀਤੀਆਂ ਜਾਣਗੀਆਂ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਰੂਬੀ ਕਰਤਾਰਪੁਰੀ ਦੀ ਪੁਸਤਕ 'ਯਾਦਾਂ' ਸਭਾ ਦੀ ਕਾਰਕਾਰਨੀ ਦੇ ਮੈਂਬਰਾਂ ਅਤੇ ਪ੍ਰਧਾਨਗੀ-ਮੰਡਲ ਵੱਲੋਂ ਮਿਲ ਕੇ ਲੋਕ-ਅਰਪਿਤ ਕੀਤੀ ਗਈ। ਮਲੂਕ ਸਿੰਘ ਕਾਹਲੋਂ ਨੇ ਇਸ ਪੁਸਤਕ ਬਾਰੇ ਲੇਖਿਕਾ ਦੇ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ, ਪਰਮਜੀਤ ਸਿੰਘ ਢਿੱਲੋਂ ਵੱਲੋਂ ਕਵੀ-ਦਰਬਾਰ ਦੀ ਕਮਾਨ ਸੰਭਾਲਦਿਆਂ ਹੋਇਆਂ ਕਵੀ-ਜਨਾਂ ਤੇ ਗਾਇਕਾਂ ਨੂੰ ਵਾਰੋ-ਵਾਰੀ ਤਰਤੀਬ ਨਾਲ ਪੇਸ਼ ਕੀਤਾ ਗਿਆ ਜਿਨ੍ਹਾਂ ਵਿਚ ਪ੍ਰਦੀਪ ਜੋਧਾਂ, ਗੁਰਜੀਤ ਭੀਖੀ, ਮਕਸੂਦ ਚੌਧਰੀ, ਹਰਜੀਤ ਬਾਜਵਾ, ਪਰਮਜੀਤ ਸਿੰਘ ਗਿੱਲ, ਹਰਦਿਆਲ ਝੀਤਾ, ਡਾ. ਕੁਲਦੀਪ ਢਿੱਲੋਂ, ਰਮਿੰਦਰ ਰਮੀ, ਰਿੰਟੂ ਭਾਟੀਆ, ਸੁਖਚਰਨਜੀਤ ਗਿੱਲ, ਹਰਪਾਲ ਸਿੰਘ ਭਾਟੀਆ, ਤਜਿੰਦਰ ਕੌਰ, ਕਰਨ ਅਜਾਇਬ ਸਿੰਘ ਸੰਘਾ, ਆਦਿ ਸ਼ਾਮਲ ਸਨ। ਅਜਾਇਬ ਸਿੰਘ ਚੱਠਾ ਵੱਲੋਂ ਬਰੈਂਪਟਨ ਵਿਚ ਕਰਵਾਈਆਂ ਗਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਬਾਰੇ ਛਪੀ ਪੁਸਤਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਪੰਜਾਬੀ ਭਵਨ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀ ਗਈ। ਰੂਬੀ ਕਰਤਾਰਪੁਰੀ ਦੇ ਪਤੀ ਪ੍ਰਸ਼ੋਤਮ ਸਿੰਘ ਵੱਲੋਂ ਪੁਸਤਕ ਦੇ ਲੋਕ ਅਰਪਣ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮਾਗਮ ਦੀ ਕਾਰਵਾਈ ਸਮੇਟਦਿਆਂ ਹੋਇਆਂ ਕਿਹਾ ਕਿ ਦੋ ਸੌ ਵਧੇਰੇ ਲੰਮੇਂ ਅਰਸੇ ਤੋਂ ਬਾਅਦ ਸਭਾ ਦੇ ਇਸ ਸਮਾਗ਼ਮ ਵਿਚ ਇਕ ਦੂਸਰੇ ਦੇ ਨਾਲ ਬੈਠ ਕੇ ਇਸ ਦਾ ਅਨੰਦ ਮਾਣਦਿਆਂ ਹੋਇਆਂ ਸੱਭਨਾਂ ਨੂੰ ਬਹੁਤ ਖ਼ੁਸ਼ੀ ਦਾ ਅਹਿਸਾਸ ਹੋਇਆ ਹੈ ਅਤੇ ਆਸ ਕਰਦੇ ਹਾਂ ਕਿ ਸਭਾ ਦੇ ਅਗਲੇ ਸਮਾਗ਼ਮ ਵੀ ਇੰਜ ਹੀ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਮਾਗਮ਼ ਦੌਰਾਨ ਸਿੱਖ ਵਿਰਾਸਤ ਬਾਰੇ ਬਹੁਤ ਵਧੀਆ ਵਿਚਾਰਾਂ ਹੋਈਆਂ ਹਨ ਅਤੇ ਤਲਵਿੰਦਰ ਮੰਡ ਤੇ ਜਗਮੋਹਮਨ ਸੰਘਾ ਨੇ ਆਪਣੀ ਪੰਜਾਬ ਫੇਰੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ ਪਰ ਸਾਨੂੰ ਸਾਰਿਆਂ ਨੂੰ ਭਵਿੱਖ ਵਿਚ ਪੰਜਾਬ ਦੀ ਮੁੜ-ਖ਼ੁਸ਼ਹਾਲੀ ਲਈ ਆਸਵੰਦ ਹੋਣਾ ਚਾਹੀਦਾ ਹੈ। ਉੱਥੇ ਨਵੀਂ ਸਰਕਾਰ ਨੂੰ ਕਾਰਜ ਸੰਭਾਲਦਿਆਂ ਹੋਇਆਂ ਅਜੇ ਮਹੀਨਾ ਹੀ ਹੋਇਆ ਹੈ ਅਤੇ ਸਾਨੂੰ ਅਜੇ ਹੋਰ ਉਡੀਕਣਾ ਚਾਹੀਦਾ ਹੈ। ਸਮਾਗ਼ਮ ਵਿਚ ਦਰਸ਼ਨ ਸਿੰਘ ਦਰਸ਼ਨ, ਨਛੱਤਰ ਸਿੰਘ ਬਦੇਸ਼ਾ, ਤਰਲੋਚਨ ਸਿੰਘ, ਸੰਤੋਖ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

# ਬਰੈਂਪਟਨ-ਵਾਸੀਆਂ ਦੀਆਂ ਮੰਗਾਂ ਮੰਤਰੀ ਕਮਲ ਖਹਿਰਾ ਨਾਲ ਕੀਤੀਆਂ ਸਾਂਝੀਆਂ

**ਮੰਤਰੀ ਵੱਲੋਂ ਅਗਲੇਰੀ ਕਾਰਵਾਈ ਲਈ ਦਿੱਤਾ ਗਿਆ ਭਰੋਸਾ**

ਬਰੈਂਪਟਨ, (ਡਾ. ਝੰਡ) - ਬੀਤੇ ਦਿਨੀਂ ਕੈਪਟਨ ਇਕਬਾਲ ਸਿੰਘ ਵਿਰਕ ਅਤੇ ਸਾਬਕਾ ਇੰਜੀਨੀਅਰ ਡੀ.ਐੱਸ. ਕੰਬੋਜ ਵੱਲੋਂ ਸੀਨੀਅਰਜ਼ ਦੇ ਮਾਮਲਿਆਂ ਬਾਰੇ ਮੰਤਰੀ ਕਮਲ ਖਹਿਰਾ ਨੂੰ ਉਨ੍ਹਾਂ ਦੇ ਬਰੈਂਪਟਨ ਵਾਲੇ ਦਫ਼ਤਰ ਵਿਚ ਮਿਲ ਕੇ ਬਰੈਂਪਟਨ-ਵਾਸੀਆਂ ਦੀਆਂ ਮੰਗਾਂ ਲਿਖਤ ਰੂਪ ਵਿਚ ਪੇਸ਼ ਕੀਤੀਆਂ ਗਈਆਂ ਅਤੇ ਇਨ੍ਹਾਂ ਬਾਰੇ ਉਨ੍ਹਾਂ ਨਾਲ ਲੰਮਾਂ ਵਿਚਾਰ-ਵਟਾਂਦਰਾ ਕੀਤਾ ਗਿਆ। ਮੰਤਰੀ ਕਮਲ ਖਹਿਰਾ ਨੇਂ ਇਹ ਮੰਗਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਇਨ੍ਹਾਂ ਬਾਰੇ ਅਗਲੇਰੀ ਕਾਰਵਾਈ ਕਰਦਿਆਂ ਹੋਇਆਂ ਇਹ ਵੱਖ-ਵੱਖ ਵਿਭਾਗਾਂ ਨੂੰ ਭੇਜਣ ਦਾ ਯਕੀਨ ਦਿਵਾਇਆ। ਇਹ ਮੰਗਾਂ ਫ਼ੈਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਤਿੰਨੇ ਪੱਧਰ ਦੀਆਂ ਸਨ ਅਤੇ ਇਨ੍ਹਾਂ ਬਾਰੇ ਗੱਲਬਾਤ ਲੱਗਭੱਗ ਇਕ ਘੰਟਾ ਚੱਲਦੀ ਰਹੀ।

ਪਹਿਲੀ ਮੰਗ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਨ ਸ਼ੁਰੂ ਕਰਨ ਬਾਰੇ ਸੀ, ਕਿਉਂਕਿ ਅੰਮ੍ਰਿਤਸਰ ਜਾਣ ਅਤੇ ਉੱਥੋਂ ਆਉਣ ਸਮੇਂ ਯਾਤਰੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ ਬੜੀ ਖੱਜਲ-ਖ਼ੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਬਾਰੇ ਮੰਤਰੀ ਖਹਿਰਾ ਨੂੰ ਇਹ ਸੁਝਾਅ ਦਿੱਤਾ ਗਿਆ ਕਿ ਜੇਕਰ ਇਹ ਸਿੱਧੀ ਉਡਾਣ ਅਜੇ ਜਲਦੀ ਸੰਭਵ ਨਹੀਂ ਤਾਂ ਫ਼ਿਲਹਾਲ ਅੰਮ੍ਰਿਤਸਰ ਤੋਂ ਏਅਰ ਇੰਡੀਆ ਦੀ ਹੀਥਰੋ ਜਾਂ ਬਰਮਿੰਘਮ ਦੀ ਉਡਾਣ ਨੂੰ ਟੋਰਾਂਟੋ ਦੀ ਉਡਾਣ ਨਾਲ ਜੋੜਨ ਲਈ ਕੋਸ਼ਿਸ਼ ਕੀਤੀ ਜਾਵੇ। ਅਗਲੀ ਮੰਗ ਅਫ਼ਗਾਨਿਸਤਾਨ ਤੋਂ ਹਿੰਦੂ ਅਤੇ ਸਿੱਖ ਸ਼ਰਨਾਰਥੀ ਜਿਨ੍ਹਾਂ ਦੀ ਗਿਣਤੀ ਇਸ ਸਮੇਂ ਕੇਵਲ 1500 ਦੇ ਕਰੀਬ ਰਹਿ ਗਈ ਹੈ, ਨੂੰ ਕੈਨੇਡਾ ਲਿਆਉਣ ਬਾਰੇ ਸੀ ਜਿਸ ਨੂੰ ਮੰਤਰੀ ਅੱਗੇ ਪੇਸ਼ ਕਰਦਿਆਂ ਹੋਇਆਂ ਕੈਨੇਡਾ ਵੱਲੋਂ ਪਿਛਲੇ ਸਮੇਂ ਵਿਚ 30,000 ਦੇ ਲੱਗਭੱਗ ਨਾਈਜੀਰੀਅਨ ਸ਼ਰਨਾਰਥੀ ਲਿਆਉਣ ਦੀ ਉਦਾਹਰਣ ਦਿੱਤੀ ਗਈ। ਹੋਰ ਮੰਗਾਂ ਵਿਚ ਬਰੈਂਪਟਨ ਵਿਚ ਯੂਨੀਵਰਸਿਟੀ ਬਨਾਉਣ ਦੀ ਚਿਰੋਕਣੀ ਮੰਗ ਅਤੇ ਇੱਥੇ ਮੈਡੀਕਲ ਕਾਲਜ ਤੇ ਘੱਟ-ਘੱਟ ਇਕ ਹੋਰ ਹਸਪਤਾਲ ਬਣਾਉਣ ਬਾਰੇ ਸੀ, ਕਿਉਂਕਿ ਬਰੈਂਪਟਨ ਵਿਚ ਵਸੋਂ ਦੇ ਲਗਾਤਾਰ ਵਾਧੇ ਨਾਲ ਇਸ ਦਾ ਇਕਲੌਤਾ ਬਰੈਂਪਟਨ ਸਿਵਿਕ ਹਸਪਤਾਲ ਮਰੀਜ਼ਾਂ ਦੇ ਇਲਾਜ ਲਈ ਅਸਮਰੱਥ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਮਿਸੀਸਾਗਾ ਅਤੇ ਹੋਰ ਸ਼ਹਿਰਾਂ ਦੇ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਅਗਲੀ ਸਥਾਨਕ ਮੰਗ ਵਿਚ 'ਪੈਰਟੀ ਫ਼ੋਰ ਜ਼ੈਨਿੰਗਜ਼ ਪਾਰਕ ਨੰਬਰ 49' ਵਿਚ ਬੈਠਣ ਲਈ ਇਕ ਹੋਰ ਸ਼ੈਡ ਬਣਾਉਣ



ਦਾ ਜ਼ਿਕਰ ਸੀ, ਕਿਉਂਕਿ ਇੱਥੇ ਇਸ ਸਮੇਂ ਮੌਜੂਦ ਇਕ ਹੀ ਸ਼ੈੱਡ ਵਿਚ ਜੇਕਰ ਪੁਰਸ਼ ਪਹਿਲਾਂ ਬੈਠੇ ਹੋਣ ਤਾਂ ਔਰਤਾਂ ਦੇ ਬੈਠਣ ਲਈ ਜਗ੍ਹਾ ਨਹੀਂ ਹੁੰਦੀ। ਗਰਮੀਆਂ ਵਿਚ ਸ਼ਾਮ ਨੂੰ ਪਾਰਕ ਵਿਚ ਔਰਤਾਂ ਤੇ ਮਰਦਾਂ ਦੀ ਗਿਣਤੀ 100 ਤੋਂ ਵੀ ਵਧੀਕ ਹੋ ਜਾਂਦੀ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਸ਼ੈੱਡ ਬਣਾਉਣ ਸਮੇਂ ਪਹਿਲਾਂ ਮੌਜੂਦ ਸ਼ੈੱਡ ਨੂੰ ਤੋੜ ਦਿੱਤਾ ਗਿਆ ਸੀ, ਜਦਕਿ ਸਥਾਨਿਕ-ਕਮਿਊਨਿਟੀ ਦੀ ਜ਼ਰੂਰਤ ਦੋ ਸ਼ੈੱਡਾਂ ਦੀ ਸੀ।

ਮੰਤਰੀ ਖਹਿਰਾ ਨਾਲ ਅਗਲਾ ਮੁੱਦਾ ਬੇਸਹਾਰਾ ਮਰਦ ਤੇ ਔਰਤਾਂ ਲਈ ਨਰਸਿੰਗ-ਹੋਮ ਬਣਾਉਣ ਬਾਰੇ ਉਠਾਇਆ ਗਿਆ। ਬਰੈਂਪਟਨ ਵਿਚ ਇਸ ਸਮੇਂ ਏਸ਼ੀਆਈ ਕਮਿਊਨਿਟੀ ਲਈ ਕੋਈ ਨਰਸਿੰਗ-ਹੋਮ ਨਹੀਂ ਹੈ ਅਤੇ ਮੌਜੂਦਾ ਸਮੇਂ ਵਿਚ ਇਸ ਦੀ ਸਖ਼ਤ ਲੋੜ ਮਹਿਸੂਸ ਹੋ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਬਰੈਂਪਟਨ ਵਿਚ ਬੇਸਹਾਰਾ ਬਜ਼ੁਰਗ ਔਰਤਾਂ ਤੇ ਮਰਦਾਂ ਲਈ ਦੋ ਨਰਸਿੰਗ-ਹੋਮ ਮਨਜ਼ੂਰ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਬਨਾਉਣ ਲਈ ਫ਼ੈੱਡਰਲ ਸਰਕਾਰ ਵੱਲੋਂ ਵਿੱਤੀ-ਸਹਾਇਤਾ ਦੀ ਜ਼ਰੂਰਤ ਹੈ। ਇਨ੍ਹਾਂ ਦੇ ਵਿਚ ਰਹਿਣ ਵਾਲਿਆਂ ਦੀ ਪੈੱਨਸ਼ਨ ਦਾ ਕੁਝ ਹਿੱਸਾ ਨਹੀਂ ਕੱਟਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਲੱਗਦਾ ਹੀ ਇਕ ਹੋਰ ਮੁੱਦਾ ਸੀਨੀਅਰਜ਼ ਦੇ ਲਈ ਸਸਤੇ ਮਕਾਨ ਬਣਾਉਣ ਦੀ ਵਿਵਸਥਾ ਕਰਨ ਬਾਰੇ ਸੀ।

ਮੰਤਰੀ ਜੀ ਨੂੰ ਇਹ ਸੁਝਾਅ ਵੀ ਦਿੱਤਾ ਗਿਆ ਕਿ ਜੇਕਰ ਸੀਨੀਅਰਾਂ ਨੂੰ ਬੀਮਾਰੀ, ਐਕਸੀਡੈਂਟ ਜਾਂ ਕਿਸੇ ਹੋਰ ਜ਼ਰੂਰੀ ਕਾਰਨ 180 ਦਿਨਾਂ ਤੋਂ ਵੱਧ ਕੈਨੇਡਾ ਤੋਂ ਬਾਹਰ ਰਹਿਣਾ ਪੈ ਜਾਂਦਾ ਹੈ ਤਾਂ ਉਨ੍ਹਾਂ ਦੀ ਬੁਢਾਪਾ ਪੈੱਨਸ਼ਨ ਬੰਦ ਨਹੀਂ ਹੋਣੀ ਚਾਹੀਦੀ। ਕਮਿਊਨਿਟੀ ਨਾਲ ਸਬੰਧਿਤ ਅਗਲਾ ਮਸਲਾ ਦੂਸਰਿਆਂ ਦੇਸ਼ਾਂ ਵਿਚ ਵਿਆਹ ਕਰਵਾ ਕੇ ਕੈਨੇਡਾ ਆਉਣ ਵਾਲੇ ਜੋੜਿਆਂ ਬਾਰੇ ਉਠਾਇਆ ਗਿਆ ਜਿਨ੍ਹਾਂ ਵਿੱਚੋਂ ਕਈ ਵਾਰ ਇਕ ਸਾਥੀ ਏਅਰਪੋਰਟ ਤੋਂ ਉੱਤਰਦਿਆਂ ਹੀ ਰਫੂ-ਚੱਕਰ ਹੋ ਜਾਂਦਾ ਹੈ ਅਤੇ ਦੂਸਰਾ ਰੋਂਦਾ-ਕੁਰਲਾਉਂਦਾ ਰਹਿ ਜਾਂਦਾ ਹੈ। ਇਸ ਦੇ ਲਈ ਮੰਤਰੀ ਜੀ ਨੂੰ ਸੁਝਾਅ ਦਿੱਤਾ ਗਿਆ ਕਿ ਪਹਿਲਾਂ ਵਾਂਗ ਨਵੇਂ ਜੋੜੇ ਦੇ ਸਾਥੀ ਨੂੰ ਘੱਟੋ-ਘੱਟ ਦੋ ਸਾਲ ਪੀ.ਆਰ. ਨਾ ਦਿੱਤੀ ਜਾਵੇ। ਏਸੇ ਤਰ੍ਹਾਂ, ਤਲਾਕ ਲੈਣ ਤੋਂ ਬਾਅਦ ਜੇਕਰ ਕੋਈ ਸ਼ਾਦੀ ਕਰਨਾ ਚਾਹੁੰਦਾ ਹੈ ਤਾਂ ਬੇਸ਼ੱਕ ਕਰ ਲਵੇ ਪਰ ਉਹ ਪੰਜ ਸਾਲ ਤੀਕ ਕਿਸੇ ਹੋਰ ਨੂੰ ਸਪਾਂਸਰ ਨਾ ਕਰ ਸਕੇ। ਇਸ ਤਰ੍ਹਾਂ ਨਵੇਂ ਜੋੜਿਆਂ ਦੇ ਅਜਿਹੇ ਕੇਸ ਆਪਣੇ ਆਪ ਘੱਟ ਜਾਣਗੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਕੈਪਟਨ ਵਿਰਕ ਸਮੇਂ-ਸਮੇਂ ਕਮਿਊਨਿਟੀ ਦੇ ਮਸਲੇ ਕੈਨੇਡਾ ਦੇ ਵੱਖ-ਵੱਖ ਪੱਧਰ ਦੇ ਰਾਜਨੀਤਕ ਨਾਲ ਸਾਂਝੇ ਕਰਦੇ ਰਹਿੰਦੇ ਹਨ। ਉਨ੍ਹਾਂ ਨੇ ਭਾਰਤੀ ਫ਼ੌਜ ਦੇ ਸੇਵਾ-ਮੁਕਤ ਫ਼ੌਜੀਆਂ ਨੂੰ ਉਨ੍ਹਾਂ ਦੇ ਨਾਲ ਫ਼ੋਨ 647-631-9445 'ਤੇ ਸੰਪਰਕ ਕਰਨ ਲਈ ਬੇਨਤੀ ਕੀਤੀ ਹੈ ਤਾਂ ਜੋ ਫ਼ੌਜੀ ਵੀਰਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਬਾਰੇ ਮਿਲ ਕੇ ਵਿਚਾਰਿਆ ਜਾ ਸਕੇ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE


Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਸਿਨਸਿਨਾਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਪੂਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ





ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੀ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਗੁਰਪੁਰਬ ਅਤੇ 400 ਸਾਲਾ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਨੂੰ ਸਮਰਪਿਤ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਗਏ। ਵੱਡੀ ਗਿਣਤੀ ਵਿੱਚ ਸੰਗਤਾਂ ਵਲੋਂ ਇਹ ਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਹਨਾਂ ਤਿੰਨ ਦਿਨਾਂ ਕੀਰਤਨ ਸਮਾਗਮਾਂ ਲਈ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਦੇ ਜਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਨੇ ਵੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਗੁਰੁ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ। ਭਾਈ ਰਵਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ ਪਹਿਲੀ ਵਾਰ ਓਹਾਇਓ ਵਿਖੇ ਕੀਰਤਨ ਦੀ ਸੇਵਾ ਲਈ ਪੁੱਜਾ ਸੀ। ਉਹਨਾ ਦੇ ਜਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਸ ਦੋਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਤਿੰਨ ਦਿਨਾਂ ਲਈ ਚੱਲੇ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਦੋਰਾਨ ਗੁਰਦੂਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਨਾਲ ਸੰਬੰਧਿਤ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਸੰਗਤਾਂ ਦੇ ਈਕੇਜੀ, ਈਸੀਜੀ ਟੈਸਟ ਕੀਤੇ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ।

## ਕੈਸਲਮੋਰ ਸੀਨੀਅਰਜ਼ ਕਲੱਬ ਅਤੇ ਰੌਕਗਾਰਡਨ ਵਲੰਟੀਅਰ ਐਸੋਸੀਏਸ਼ਨ ਦੀ ਮੀਟਿੰਗ 8 ਮਈ ਨੂੰ



ਕੈਸਲਮੋਰ ਸੀਨੀਅਰਜ਼ ਕਲੱਬ ਬਰੈਂਪਟਨ ਅਤੇ ਰੌਕ ਗਾਰਡਨ ਵਲੰਟੀਅਰਜ਼ ਐਸੋਸੀਏਸ਼ਨ ਦੀ ਜਨਰਲ ਬੌਡੀ ਦੀ ਮੀਟਿੰਗ ਗੋਰ ਮੀਡੋਜ ਕਮਿਉਨਿਟੀ ਸੈਂਟਰ, ਗੋਰ ਰੋਡ, ਵਿਖੇ ਹਾਲ ਨੰਬਰ 2 ਵਿਚ 8 ਮਈ ਦਿਨ ਐਤਵਾਰ ਨੂੰ ਸਵੇਰੇ 11 ਵਜੇ ਹੋ ਰਹੀ ਹੈ। ਸਾਰੇ ਕਲੱਬ ਮੈਂਬਰਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ ਅਤੇ ਨਵੇਂ ਚਾਹਵਾਨ ਮੈਂਬਰ ਵੀ ਸ਼ਾਮਲ ਹੋ ਸਕਦੇ ਹਨ। ਚਾਹ ਪਾਣੀ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਸ ਸਾਲ ਟੂਰਾਂ ਉਤੇ ਵੀ ਵਿਚਾਰ ਹੋਵੇਗਾ। ਹੋਰ ਜਾਣਕਾਰੀ ਲਈ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੂੰ 416-648-6706 ਅਤੇ ਕਸ਼ਮੀਰਾ ਸਿੰਘ ਦਿਉਲ ਸੈਕਟਰੀ ਨੂੰ 647-278-1422 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪੰਜਾਬ ਸਰਕਾਰ ਵੱਲੋਂ 'ਪੰਜਾਬ ਸਟੇਟ ਪਲਾਨਿੰਗ ਬੋਰਡ ਭੰਗ', ਬੀਬੀ ਭੱਠਲ ਦੀ ਪ੍ਰਧਾਨਗੀ ਦਾ ਦੌਰ ਖਤਮ

ਚੰਡੀਗੜ੍ਹ, 26 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪੰਜਾਬ ਸਟੇਟ ਯੋਜਨਾ ਬੋਰਡ ਭੰਗ ਕਰ ਦਿੱਤਾ ਤੇ ਇਸ ਦੇ ਨਾਲ ਇਸ ਬੋਰਡ ਦੀ ਚੇਅਰਪਰਸਨ ਬੀਬੀ ਰਾਜਿੰਦਰ ਕੌਰ ਭੱਠਲ ਦੀ ਪ੍ਰਧਾਨਗੀ ਵੀ ਮੁੱਕ ਗਈ ਹੈ। ਵਰਨਣ ਯੋਗ ਹੈ ਕਿ ਇਸ ਬੋਰਡ ਵਿੱਚ ਚੇਅਰਪਰਸਨ ਵਜੋਂ ਬੀਬੀ ਰਾਜਿੰਦਰ ਕੌਰ ਭੱਠਲ ਦੀ ਨਿਯੁਕਤੀ ਪਿਛਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਕੀਤੀ ਸੀ। ਗਵਰਨਰ ਦੀ ਮਨਜ਼ੂਰੀ ਮਿਲਦੇ ਸਾਰ ਪੰਜਾਬ ਰਾਜ ਪਲਾਨਿੰਗ ਬੋਰਡ ਅਤੇ ਸਾਰੇ ਜ਼ਿਲਾ ਯੋਜਨਾ ਬੋਰਡ ਭੰਗ ਹੋ ਗਏ ਹਨ। ਯੋਜਨਾ ਵਿਭਾਗ ਦੇ ਸੈਕਟਰੀ ਦਲਜੀਤ ਸਿੰਘ ਮਾਂਗਟ ਨੇ ਇਸ ਦੀ ਸੂਚਨਾ ਜਾਰੀ ਕੀਤੀ ਹੈ। ਇਸ ਦੀ ਥਾਂ ਇਕਨਾਮਿਕ ਨੀਤੀ ਅਤੇ ਯੋਜਨਾ ਬੋਰਡ ਬਣਾਇਆ ਜਾਵੇਗਾ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**




# ਜਰੂਰੀ ਬੇਨਤੀ

## ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

## ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

## ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508**
**ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756**

# ਸਿੱਖ ਕੌਣ ਹੈ ? ਕਿਹੜੇ ਸ਼ਰਧਾਲੂਆਂ ਨੂੰ ਮਿਲਾ ਕੇ 'ਸਿੱਖ ਪੰਥ' ਬਣਦਾ ਹੈ ?

ਠਾਕੁਰ ਦਲੀਪ ਸਿੰਘ

ਸਤਿਗੁਰੂ ਨਾਨਕ ਦੇਵ ਜੀ ਉੱਤੇ ਸ਼ਰਧਾ ਰੱਖਣ ਵਾਲਾ ਹਰ ਪ੍ਰਾਣੀ "ਸਿੱਖ" ਹੈ, ਕਿਉਂਕਿ "ਸਿੱਖੀ" ਸ਼ਰਧਾ ਨਾਲ ਹੈ ; ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ (ਮ:1) । ਸਿਰਫ ਮਨੁੱਖ ਹੀ ਨਹੀਂ, ਹਰ ਪ੍ਰਾਣੀ "ਸਿੱਖ"(ਸ਼ਿਸ਼ /ਮੁਰੀਦ) ਹੈ। ਜਿਸ ਸੱਪ ਨੇ ਗੁਰੂ ਜੀ ਉੱਤੇ ਛਾਂ ਕੀਤੀ ਸੀ, ਉਹ ਵੀ "ਸਿੱਖ" ਸੀ। ਸਾਰੇ ਗੁਰੂ ਨਾਨਕ ਨਾਮ ਲੇਵਾ (ਨਾਨਕ ਪੰਥੀਆਂ) ਨੂੰ ਮਿਲਾ ਕੇ ਹੀ ਸਮੁੱਚਾ ਸਿੱਖ ਪੰਥ ਬਣਦਾ ਹੈ। ਸਿੱਖ ਪੰਥ ਸਿਰਫ "ਅੰਮ੍ਰਿਤਧਾਰੀ ਖਾਲਸੇ" ਹੀ ਨਹੀਂ, ਜਦਕਿ "ਅੰਮ੍ਰਿਤਧਾਰੀ ਖਾਲਸੇ" (ਖਾਲਸਾ ਪੰਥ) ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ ਅੰਗ ਹਨ। ਭਾਈ ਘਨੱ੍ਹਈਆ, ਭਾਈ ਨੰਦ ਲਾਲ, ਦੀਵਾਨ ਟੋਡਰ ਮੱਲ ਆਦਿ ਸਿੱਖ; ਦਸਵੇਂ ਪਾਤਸ਼ਾਹ ਜੀ ਦੇ ਸਮੇਂ ਵੀ "ਅੰਮ੍ਰਿਤਧਾਰੀ" ਨਹੀਂ ਸਨ: ਪਰ ਉਹ ਵੀ ਮਹਾਨ ਸਿੱਖ ਸਨ। ਅੱਜ ਵੀ ਜੋ ਹਿੰਦੂ, ਮੁਸਲਮਾਨ, ਜੈਨ, ਬੁੱਧ ਆਦਿ ਗੁਰੂ ਜੀ ਉੱਤੇ ਸ਼ਰਧਾ ਰੱਖਦੇ ਹਨ, ਉਹ ਸਾਰੇ ਹੀ "ਨਾਨਕ ਪੰਥੀ" ਹਨ ਅਤੇ "ਸਿੱਖ" (ਸ਼ਿਸ਼ /ਮੁਰੀਦ) ਹਨ। ਕਿਉਂਕਿ, ਗੁਰੂ ਜੀ ਨੇ ਕੋਈ ਵੀ ਵੱਖਰਾ ਪੰਥ ਕਦੇ ਵੀ ਨਹੀਂ ਬਣਾਇਆ ਅਤੇ ਨਾ ਹੀ ਉਹਨਾਂ ਨੇ ਇਹ ਬਚਨ ਕੀਤਾ: "ਮੈਂ ਇਹ ਵੱਖਰਾ ਨਵਾਂ ਪੰਥ ਬਣਾ ਰਿਹਾ ਹਾਂ, ਇਸ ਦਾ ਨਾਮ "ਸਿੱਖ" ਹੋਵੇਗਾ।

ਜੇਕਰ ਗੁਰੂ ਜੀ ਨੇ ਆਪਣਾ ਨਵਾਂ ਵੱਖਰਾ ਪੰਥ ਬਣਾ ਕੇ ਉਸ ਨੂੰ "ਸਿੱਖ" ਨਾਮ ਦਿੱਤਾ ਹੁੰਦਾ ਤਾਂ ਮੁਸਲਮਾਨਾਂ ਦੇ ਵੱਡੇ-ਵੱਡੇ ਪੀਰ: ਜਿਵੇਂ, ਸਾਂਈ ਮੀਆਂ ਮੀਰ, ਪੀਰ ਬੁੱਧੂ ਸ਼ਾਹ ਆਦਿ; ਉਹ ਕਦੇ ਵੀ ਗੁਰੂ ਜੀ ਦੇ ਸ਼ਰਧਾਲੂ ਨਾ ਬਣਦੇ। ਜੇਕਰ ਗੁਰੂ ਜੀ ਨੇ ਵੱਖਰਾ ਪੰਥ ਬਣਾਇਆ ਹੁੰਦਾ, ਤਾਂ 'ਪੀਰ ਭੀਖਣ ਸ਼ਾਹ' ਦੋ ਕੁੱਜੀਆਂ ਦੀ ਥਾਂ, ਤਿੰਨ ਕੁੱਜੀਆਂ ਲੈ ਕੇ ਆਉਂਦਾ। ਪਰ, ਗੁਰੂ ਜੀ ਨੇ ਆਪਣਾ ਵੱਖਰਾਪਣ, ਵੱਖਰਾ ਧਰਮ, ਵੱਖਰਾ ਪੰਥ ਕਦੇ ਬਣਾਇਆ ਹੀ ਨਹੀਂ। ਗੁਰੂ ਜੀ ਨੇ ਕਰਾਮਾਤਾਂ ਵਿਖਾਈਆਂ ਅਤੇ ਸਾਂਝਾ ਸ਼ੁਭ ਉਪਦੇਸ਼ ਦਿੱਤਾ, ਤਾਂ ਹੀ:ਲਾਮੇ, ਹਿੰਦੂ, ਮੁਸਲਮਾਨ, ਬੋਧੀ ਆਦਿ ਸਾਰੇ ਹੀ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸੇਵਕ ਬਣੇ। ਇਸ ਲਈ ਹਰ 'ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ' "ਸਿੱਖ" ਹੈ। ਜੋ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦਾ/ਸ਼ਰਧਾ ਰੱਖਦਾ ਹੈ ਅਤੇ ਉਹਨਾਂ ਦੇ ਗੱਦੀ-ਨਸ਼ੀਨ ਗੁਰੂ ਸਾਹਿਬਾਨਾਂ ਨੂੰ ਮੰਨਦਾ ਹੈ: ਭਾਵੇਂ ਉਹ ਇੱਕ ਨੂੰ ਮੰਨੇ ਜਾਂ ਬਹੁਤਿਆਂ ਨੂੰ ਮੰਨੇ; ਉਹ ਮਨੁੱਖ ਆਪਣੇ ਉਸੇ ਵਿਸ਼ਵਾਸ ਅਤੇ ਸ਼ਰਧਾ ਸਮੇਤ ਹੀ ਸਿੱਖ/ਸ਼ਿਸ਼ /ਮੁਰੀਦ ਹੈ। ਜਿਵੇਂ, ਮੁਸਲਮਾਨ, ਧੀਰਮੱਲੀਏ, ਰਾਮਰਾਈਏ, ਸਹਿਜਧਾਰੀ, ਨਾਮਧਾਰੀ ਆਦਿ।

"ਗੁਰੂ ਨਾਨਕ ਪੰਥੀਆਂ" ਨੂੰ, ਉਹ ਜਿਸ ਵਿਸਵਾਸ਼ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਿੰਨੇ ਵੀ ਗੱਦੀ-ਨਸ਼ੀਨਾਂ ਨੂੰ ਮੰਨਦੇ ਹਨ; ਉਹਨਾਂ ਸ਼ਰਧਾਲੂਆਂ ਨੂੰ, ਓਸੇ ਰੂਪ ਵਿਚ "ਨਾਨਕ ਪੰਥੀ" ਹੋਣ ਕਰਕੇ "ਸਿੱਖ" ਪ੍ਰਵਾਨ ਕਰਨਾ ਯੋਗ ਹੈ। ਜਿਵੇਂ ਕਿ ਉਦਾਸੀ: ਸਤਿਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਬਾਬਾ ਸ੍ਰੀ ਚੰਦ ਜੀ ਨੂੰ, ਧੀਰਮੱਲੀਏ: ਬਾਬਾ ਧੀਰਮੱਲ ਜੀ ਨੂੰ, ਰਾਮਰਾਈਏ: ਬਾਬਾ ਰਾਮਰਾਇ ਜੀ ਨੂੰ ਅਤੇ ਨਾਮਧਾਰੀਏ: ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਦੇ ਹਨ। ਇਸੇ ਤਰ੍ਹਾਂ ਬਾਕੀ ਸੰਪਰਦਾਵਾਂ ਦੇ ਵੀ ਆਪੋ ਆਪਣੇ ਵਿਸ਼ਵਾਸ ਹਨ. ਉਹਨਾਂ ਦੇ ਵਿਸ਼ਵਾਸਾਂ ਨੂੰ ਓਸੇ ਤਰ੍ਹਾਂ ਹੀ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਸੰਪਰਦਾ ਨੂੰ ਆਪਣੇ ਵਿਸ਼ਵਾਸ, ਦੂਸਰੀ ਸੰਪਰਦਾ ਉੱਤੇ ਠੋਸਣੇ ਨਹੀਂ ਚਾਹੀਦੇ। ਜੇਕਰ ਅਸੀਂ ਇਸ ਉੱਤਮ ਅਤੇ ਵਿਸ਼ਾਲ ਸੋਚ ਨੂੰ ਅਪਣਾ ਲਈਏ, ਤਾਂ ਸਾਰੇ ਗੁਰੂ ਨਾਨਕ ਪੰਥੀਆਂ ਨੂੰ ਮਿਲਾ ਕੇ ਸਿੱਖ ਪੰਥ ਦੀ ਗਿਣਤੀ 50 ਕਰੋੜ ਤੋਂ ਵੱਧ ਹੋ ਜਾਵੇਗੀ। (ਕਿਉਂਕਿ, ਬਹੁਤ ਸਾਰੇ ਹਿੰਦੂ ਆਖੇ ਜਾਂਦੇ ਵੀਰ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ।)

ਸਤਿਗੁਰੂ ਨਾਨਕ ਦੇਵ ਜੀ ਦੀ ਰੰਗ-ਬਿਰੰਗੀ ਫੁਲਵਾੜੀ ਦੇ ਰੰਗ ਬਿਰੰਗੇ ਫੁੱਲ; ਕਈ ਸੰਪਰਦਾਵਾਂ ਦੇ ਰੂਪ ਵਿਚ ਹਨ। ਕੁਝ "ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ" ਦੇ ਨਾਮ ਹੇਠ ਲਿਖੇ ਹਨ, ਪਰ ਸਾਰੇ ਨਹੀਂ ਮਿਲੇ:

1) ਉਦਾਸੀ. 2) ਸਿੰਧੀ. 3) ਧੀਰਮੱਲੀਏ. 4) ਰਾਮਰਾਈਏ. 5) ਸਤਿ ਕਰਤਾਰੀਏ. 6) ਹਿੰਦਲੀਏ. 7) ਹੀਰਾ ਦਾਸੀਏ. 8) ਨਾਮਧਾਰੀ. 9) ਨਿਰੰਕਾਰੀ. 10) ਨਿਹੰਗ ਸਿੰਘ. 11) ਬੰਦਈ ਖਾਲਸਾ. 12) ਨਿਰਮਲੇ. 13) ਸੇਵਾ ਪੰਥੀ. 14) ਗਹਿਰ ਗੰਭੀਰੀਏ. 15) ਨੀਲਧਾਰੀ. 16) ਅਕਾਲੀ. 17) ਭਗਤ ਪੰਥੀ. 18)ਸਿਕਲੀਗਰ. 19) ਸਤਿਨਾਮੀ. 20) ਜੌਹਰੀ. 21) ਅਫਗਾਨੀ. 22) ਮਰਦਾਨੇ ਕੇ. 23) ਅਸਾਮੀ. 24) ਲਾਮੇ. 25) ਵਣਜਾਰੇ. 26)ਅਗਰਹਾਰੀ. 27) ਸਹਿਜਧਾਰੀ, ਆਦਿ।

ਵਿਸ਼ੇਸ਼ : ਇਹਨਾਂ ਸੰਪਰਦਾਵਾਂ ਦੇ ਵਿਸ਼ਵਾਸ, ਬਾਹਰਲੇ ਸਰੂਪ ਅਤੇ ਪ੍ਰੰਪਰਾਵਾਂ ਆਪੋ-ਆਪਣੀਆਂ, ਵੱਖੋ-ਵੱਖ ਹਨ। ਉਸ ਵਖਰੇਵੇਂ ਕਾਰਣ ਹੀ, ਸਤਿਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਰੰਗ-ਬਿਰੰਗੀ ਹੈ। ਉਸ ਰੰਗ-ਬਿਰੰਗੀ ਫੁਲਵਾੜੀ ਨੂੰ, ਰੰਗ ਬਿਰੰਗੀ ਹੀ ਰੱਖਣ ਦੀ ਲੋੜ ਹੈ।

(ੳ) ਸੰਸਕ੍ਰਿਤ ਦੇ "ਸ਼ਿਸ਼ਯ" ਸ਼ਬਦ ਤੋਂ ਪੰਜਾਬੀ ਦਾ ਸ਼ਬਦ "ਸਿੱਖ" ਬਣਿਆ ਹੈ। ਗੁਰੂ ਜੀ ਦੇ ਸ਼ਿਸ਼/ਸਿੱਖ ਹੋਣ ਕਰਕੇ ਸਾਡਾ ਸਿੱਖ ਨਾਮ ਪ੍ਰਚੱਲਿਤ ਹੋ ਗਿਆ ਹੈ। ਜੋ ਕਿ ਸਹੀ ਹੈ, ਇਸ ਨਾਮ ਨੂੰ ਵਰਤਣਾ ਯੋਗ ਹੈ। ਅੱਜ ਸਾਰੇ ਸੰਸਾਰ ਵਿਚ ਸਿੱਖ ਨਾਮ ਵਾਲੇ ਧਰਮ/ਪੰਥ ਦਾ ਬੜਾ ਜਸ ਹੈ।

ਸੰਪਰਕ:
ਰਾਜਪਾਲ ਕੌਰ
9023150008,
ਰਤਨਦੀਪ ਸਿੰਘ
9650066108

# 'ਮੇਰੇ ਸਜਣ ਮੀਤ ਮੁਰਾਰੇ ਜੀਉ' - ਦੋਸਤੀ ਦਾ ਅਹਿਮ ਦਸਤਾਵੇਜ

ਕਰੋਨਾ ਕਾਲ ਤੋਂ ਮਿਲੀ ਰਾਹਤ ਤੋਂ ਬਾਅਦ ਨਿੱਜੀ ਮੇਲ਼-ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਣ 'ਤੇ ਬੀਤੇ ਦਿਨੀਂ ਇਕ ਸਾਹਿਤਕ ਸਮਾਗਮ ਵਿਚ ਬਰੈਂਪਟਨ ਦੇ ਨਾਮਵਰ ਲੇਖਕ ਪੂਰਨ ਸਿੰਘ ਪਾਂਧੀ ਨਾਲ ਬੜੀ ਦੇਰ ਬਾਅਦ ਮੁਲਾਕਾਤ ਹੋਈ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੀਆਂ ਦੋ ਪੁਸਤਕਾਂ 'ਮੇਰੇ ਸਜਣ ਮੀਤ ਮੁਰਾਰੇ ਜੀਉ' ਅਤੇ




ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

'ਜਿਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ' ਪਠਨ-ਪਾਠਨ ਲਈ ਮੈਨੂੰ ਦਿੱਤੀਆਂ। ਘਰ ਆ ਕੇ ਪਹਿਲੀ ਪੁਸਤਕ ਦਾ ਪਾਠ ਆਰੰਭ ਕੀਤਾ ਅਤੇ 176 ਪੰਨਿਆਂ ਦੀ ਇਹ ਪੁਸਤਕ ਦੋ ਦਿਨਾਂ ਵਿਚ ਨਿੱਠ ਕੇ ਪੜ੍ਹੀ। ਨਾਲ਼ ਹੀ ਇਸ ਦੇ ਬਾਰੇ ਕੁਝ ਲਿਖਣ ਨੂੰ ਮਨ ਕਰ ਆਇਆ। ਸੋਚਿਆ, ਪਹਿਲਾਂ ਇਹ ਕੰਮ ਕਰ ਲਈਏ ਅਤੇ ਦੂਸਰੀ ਨੂੰ ਬਾਅਦ 'ਚ ਹੀ ਹੱਥ ਪਾਇਆ ਜਾਏ।

ਹੱਥਲੀ ਪੁਸਤਕ ਦੇ ਬਾਰੇ ਕੁਝ ਕਹਿਣ ਤੋਂ ਪਹਿਲਾਂ ਪਾਂਧੀ ਸਾਹਿਬ ਦੀ ਪਿਆਰੀ ਚੁੰਭਕੀ ਸ਼ਖ਼ਸੀਅਤ ਬਾਰੇ ਕੁਝ ਗੱਲਾਂ ਜ਼ਰੂਰ ਕਰਨੀਆਂ ਚਾਹਾਂਗਾ। ਪੂਰਨ ਸਿੰਘ ਪਾਂਧੀ ਪੰਜਾਬੀ ਸਾਹਿਤ ਜਗਤ ਅਤੇ ਬਰੈਂਪਟਨ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਸਕੂਲ ਅਧਿਆਪਨ ਉਨ੍ਹਾਂ ਦਾ ਪੰਜਾਬ ਵਿਚ ਮੁੱਖ ਕਾਰਜ-ਖੇਤਰ ਅਤੇ ਰੋਜ਼ੀ-ਰੋਟੀ ਦਾ ਸਾਧਨ ਰਿਹਾ ਹੈ ਜਿਸ ਤੋਂ 1991 ਵਿਚ ਸੇਵਾ-ਮੁਕਤ ਹੋਣ ਤੋਂ ਬਾਅਦ ਉਹ 1996 ਵਿਚ ਬਰੈਂਪਟਨ ਆਪਣੇ ਬੇਟੇ ਕੋਲ ਆਏ। ਉਹ ਕਵਿਤਾ, ਛੰਦ-ਸ਼ਾਸਤਰ ਤੇ ਪੰਜਾਬੀ ਵਿਆਕਰਣ ਦੇ ਵਿਸ਼ੇਸ਼ੱਗਯ, ਵਧੀਆ ਕਹਾਣੀਕਾਰ ਅਤੇ ਖ਼ੂਬਸੂਰਤ ਵਾਰਤਕ ਲੇਖਕ ਹਨ। ਇਸ ਦੇ ਨਾਲ ਹੀ ਉਹ ਗੁਰਬਾਣੀ ਦੇ ਗੂੜ੍ਹ-ਗਿਆਤਾ ਅਤੇ ਕਲਾਸੀਕਲ ਸੰਗੀਤ ਦੇ ਵੀ ਮਾਹਿਰ ਹਨ। ਹੁਣ ਤੀਕ ਉਹ ਇਕ ਦਰਜਨ ਤੋਂ ਵਧੀਕ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾ ਚੁੱਕੇ ਹਨ ਅਤੇ ਉਮਰ ਦੇ ਅੱਠਵੇਂ ਦਹਾਕੇ ਦੇ ਅਖ਼ੀਰਲੇ ਵਰ੍ਹੇ ਵਿਚ ਦਾਖ਼ਲ ਹੋ ਕੇ ਵੀ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਉਨ੍ਹਾਂ ਦੀ ਪੁਸਤਕ 'ਸੰਗੀਤ ਦੀ ਦੁਨੀਆਂ' ਉਨ੍ਹਾਂ ਦੀ ਸੰਗੀਤ ਬਾਰੇ ਡੂੰਘੀ ਸੂਝ, ਸਮਝ ਅਤੇ ਗਿਆਨ ਬਾਰੇ ਭਰਪੂਰ ਰੌਸ਼ਨੀ ਪਾਉਂਦੀ ਹੈ। ਮੇਰਾ ਖ਼ਿਆਲ ਹੈ ਕਿ ਸੰਗੀਤ ਸਿੱਖਣ ਵਾਲਿਆਂ ਅਤੇ ਸੰਗੀਤ ਦਾ ਅਨੰਦ ਮਾਨਣ ਵਾਲਿਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਦਾ ਮਿਸ਼ਰੀ ਦੀ ਮਿਠਾਸ ਵਰਗਾ ਬੋਲਚਾਲ ਅਤੇ ਸਲੀਕੇ ਤੇ ਸ਼ਿਸ਼ਟਾਚਾਰ ਨਾਲ ਓਤਪੋਤ ਵਰਤੋਂ-ਵਿਹਾਰ ਹਰੇਕ ਨੂੰ ਮਿਕਨਾਤੀਸੀ ਖਿੱਚ ਪਾਉਂਦਾ ਹੈ।

... ਤੇ ਹੁਣ ਹੱਥਲੀ ਪੁਸਤਕ 'ਮੇਰੇ ਸਜਣ ਮੀਤ ਮੁਰਾਰੇ ਜੀਉ' ਵੱਲ ਆਉਂਦਾ ਹਾਂ ਜਿਸ ਦਾ ਟਾਈਟਲ ਪਾਂਧੀ ਸਾਹਿਬ ਵੱਲੋਂ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰੀ ਗਈ ਤੁਕ "ਧਨੁ ਸੋ ਦੇਸ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।।" ਦੇ ਪਿਛਲੇ ਭਾਗ ਤੋਂ ਰੱਖਿਆ ਗਿਆ ਹੈ। ਇਹ ਪੁਸਤਕ ਉਨ੍ਹਾਂ ਦੇ ਬਾਰਾਂ ਨੇੜਲੇ ਸੰਗੀ-ਸਾਥੀਆਂ ਦੇ ਰੇਖ਼ਾ-ਚਿੱਤਰਾਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਪੁਸਤਕ ਦੇ ਮੁੱਖ-ਬੰਦ ਵਿਚ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਕਹਿੰਦੇ ਹਨ,"ਕਿਸੇ ਵਿਅੱਕਤੀ ਦਾ ਰੇਖ਼ਾ-ਚਿੱਤਰ ਲਿਖਣ ਦਾ ਕਾਰਜ ਕੋਈ ਸੌਖੀ ਖੇਡ ਨਹੀਂ, ਕਿਉਂਕਿ ਇਹ ਉਸ ਦੀਆਂ ਸੋਚਾਂ, ਵਿਚਾਰਾਂ, ਰੁਚੀਆਂ, ਆਦਤਾਂ, ਬਹਿਬਤਾਂ ਦੀ ਧੁਰ ਅੰਦਰਲੀ ਅਤੇ ਵਰਤਣ-ਵਿਹਾਰ ਦੀ ਹਕੀਕੀ ਤਸਵੀਰ ਹੁੰਦੀ ਹੈ।" ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ, ਪਰ ਪਾਂਧੀ ਜੀ ਦੀ ਇਹ ਪੁਸਤਕ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਇਹ ਕਠਨ ਕਾਰਜ ਬੜੀ ਸਰਲਤਾ ਅਤੇ ਸਹਿਜ ਨਾਲ ਨਿਭਾਇਆ ਹੋਵੇਗਾ। ਰੇਖ਼ਾ-ਚਿੱਤਰ ਲਿਖਦਿਆਂ ਉਹ ਸਬੰਧਿਤ ਵਿਅੱਕਤੀ ਦੀ ਸਮੁੱਚੀ ਤਸਵੀਰ ਪਾਠਕ ਦੇ ਸਾਹਮਣੇ ਲਿਆ ਧਰਦੇ ਹਨ ਅਤੇ ਪਾਠਕ ਉਸ ਤਸਵੀਰ ਦੇ ਵੱਖ-ਵੱਖ ਰੰਗਾਂ-ਢੰਗਾਂ ਨੂੰ ਨਿਹਾਰਦਾ ਹੈ ਤੇ ਬਾਖ਼ੂਬੀ ਮਾਣਦਾ ਹੈ। ਪੁਸਤਕ ਵਿਚ ਸ਼ਾਮਲ ਬਾਰਾਂ ਰੇਖ਼ਾ-ਚਿੱਤਰਾਂ ਵਾਲੀਆਂ ਸ਼ਖ਼ਸੀਅਤਾਂ ਦੇ ਖ਼ੂਬਸੂਰਤ ਚਿਹਰੇ ਹੀ ਨਹੀਂ, ਸਗੋਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਾਂ ਦੇ ਕਈ ਹੋਰ ਜੀਆਂ ਦੇ ਚਿਹਰੇ ਵੀ ਪਾਠਕ ਦੀਆਂ ਅੱਖਾਂ ਦੇ ਸਾਹਮਣੇ ਤੁਰਦੇ-ਫਿਰਦੇ ਨਜ਼ਰ ਆਉਂਦੇ ਹਨ। ਜਿਵੇਂ, ਟੂਕ ਮਾਤਰ, 'ਹੀਰਿਆਂ ਦਾ ਡਲਕਦਾ ਹਾਰ' ਵਿਚ ਗੁਰਦੇਵ ਸਿੰਘ ਮਾਨ ਬਾਰੇ ਦੱਸਦਿਆਂ ਪਾਂਧੀ ਸਾਹਿਬ ਕਹਿੰਦੇ ਹਨ,"ਗੁਰਦੇਵ ਮਾਨ ਦੀ ਜੀਵਨ ਸਾਥਣ ਸਰਦਾਰਨੀ ਸੁਰਿੰਦਰ ਕੌਰ ਮਾਨ ਵੀ ਏਸੇ ਵਰਗੀ ਦਰਿਆ-ਦਿਲ, ਸੇਵਾ-ਭਾਵੀ, ਕੋਮਲ ਤੇ ਸੰਵੇਦਨਸ਼ੀਲ ਸੁਆਣੀ ਹੈ।




ਸੁਹਣੀ, ਸੁਡੌਲ ਤੇ ਸਿਹਤਮੰਦ। ਲਿਆਕਤ ਵਾਲੀ, ਕੰਮ ਵਿਚ ਮਸਰੂਫ਼ ਰਹਿਣ ਵਾਲੀ ਤੇ ਧਾਰਮਿਕ ਬਿਰਤੀ ਵਾਲੀ।" ਹੈ ਨਾ ਬਿਲਕੁਲ 'ਟੂ ਇਨ ਵੱਨ' ਵਾਲੀ ਗੱਲ।

ਪਾਂਧੀ ਸਾਹਿਬ ਦੀ ਬਹੁ-ਪੱਖੀ ਸ਼ਖ਼ਸੀਅਤ ਸਦਕਾ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਅਤੇ ਜਾਣੂਆਂ-ਪਛਾਣੂਆਂ ਦਾ ਘੇਰਾ ਬੜਾ ਵਿਸ਼ਾਲ ਹੈ। ਜੇਕਰ ਲੰਮੀ ਨਜ਼ਰ ਨਾ ਵੀ ਦੌੜਾਈ ਜਾਏ ਅਤੇ ਪੁਸਤਕ ਵਿਚ ਦਰਜ ਰੇਖ਼ਾ-ਚਿੱਤਰਾਂ ਵਾਲੀਆਂ ਹਸਤੀਆਂ ਵੱਲ ਹੀ ਸਰਸਰੀ ਨਿਗਾਹ ਮਾਰੀਏ ਤਾਂ ਉਨ੍ਹਾਂ ਦੇ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸੇਵਾ ਦੌਰਾਨ ਰਹੇ ਸੰਗੀ-ਸਾਥੀ ਬਲਬੀਰ ਸਿੰਘ ਮੋਮੀ ਜੋ 60 ਸਾਲ ਦੇ ਲੰਮੇਂ ਅਰਸੇ ਬਾਅਦ ਉਨ੍ਹਾਂ ਨੂੰ ਬਰੈਂਪਟਨ ਵਿਚ ਮੁੜ ਆ ਮਿਲੇ ਅਤੇ 'ਹੱਟੀ ਵਾਲੇ' ਮਾਸਟਰ ਸੁਖਦੇਵ ਸਿੰਘ ਬਹੋਨਾ ਤੋਂ ਲੈ ਕੇ ਕੰਪਿਊਟਰ-ਧਨੰਤਰ ਕਿਰਪਾਲ ਸਿੰਘ ਪੰਨੂ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਪਿਆਰ-ਮੁਹੱਬਤ ਤੇ ਮਿੱਤਰਤਾ ਦੀ ਜਗਮਗਾਉਂਦੀ ਤਸਵੀਰ ਗੁਰਦੇਵ ਸਿੰਘ ਮਾਨ, ਮਾਨਵਤਾ ਦੇ ਸੱਚੇ ਪੁਜਾਰੀ ਪੰਡਤ ਸ਼ੰਭੂ ਦੱਤ ਸ਼ਰਮਾ, ਗੁਰਮਤਿ ਤੇ ਮਾਰਕਸੀ ਵਿਚਾਰਾਂ ਦਾ ਸੁਮੇਲ ਜੋੜੀ ਡਾ. ਗੁਰਨਾਮ ਕੌਰ ਤੇ ਗੁਰਦਿਆਲ ਬੱਲ, 'ਗੁਆਚੇ ਲਾਲ' ਪ੍ਰੋ. (ਡਾ.) ਦਰਸ਼ਨ ਸਿੰਘ ਬੈਂਸ, ਕਲਾਸੀਕਲ ਸੰਗੀਤ ਦੇ ਮਾਹਿਰ ਪ੍ਰੋ. ਪਰਮਜੀਤ ਸਿੰਘ, ਧੁਰੋਂ ਵਰੋਸਾਏ ਸ਼ੌਕੀਆ ਗਾਇਕ ਅਵਤਾਰ ਉੱਪਲ, ਢਾਡੀ-ਕਲਾ ਦੇ ਉੱਚੇ-ਬੁਰਜ ਪਾਲ ਸਿੰਘ ਪੰਛੀ ਜਾਂ ਫਿਰ 'ਨਿਰਮਲ ਨਦੀ ਦੇ ਨੀਰ' ਗੁਰਬਚਨ ਸਿੰਘ ਨਿੱਜਰ ਤੱਕ ਸਾਰੇ ਹੀ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਤੇਜ਼ ਰੌਸ਼ਨੀ ਵਾਲੇ ਜਗਦੇ ਬਲਬ ਲੱਗਦੇ ਹਨ। ਹਰੇਕ ਸ਼ਖ਼ਸੀਅਤ ਦੂਸਰੀ ਨਾਲੋਂ ਵੱਧ ਕੇ ਹੈ ਅਤੇ ਹਰ ਇਕ ਨੇ ਆਪਣੇ ਖ਼ੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ।

ਪੂਰਨ ਸਿੰਘ ਪਾਂਧੀ ਦੀ ਲੇਖਣੀ ਅਤੇ ਇਸ ਲੇਖਣੀ ਦਾ 'ਅੰਦਾਜ਼ੇ-ਬਿਆਂ' ਆਪਣਾ ਹੀ ਵੱਖਰੀ ਕਿਸਮ ਦਾ ਹੈ। ਛੋਟੇ-ਛੋਟੇ ਵਾਕਾਂ ਵਿਚ ਚਮਕਦੇ ਮੋਤੀਆਂ ਵਾਂਗ ਜੜੇ ਹੋਏ ਖ਼ੂਬਸੂਰਤ ਸ਼ਬਦ ਆਪਣੀ ਹੀ ਕਹਾਣੀ ਬਿਆਨ ਕਰਦੇ ਹਨ। ਮਿਸਾਲ ਵਜੋਂ, ਕਿਰਪਾਲ ਸਿੰਘ ਪੰਨੂੰ ਦੇ ਰੇਖ਼ਾ-ਚਿੱਤਰ 'ਸੰਦਲੀ ਸੋਚਾਂ ਦਾ ਸਿਰਨਾਵਾਂ' ਦਾ ਚਿਤਰਣ ਕਰਦਿਆਂ ਲਿਖਦੇ ਹਨ,"ਹੁਣ ਕੰਪਿਊਟਰ ਦੇ ਤਾਬਿਆ ਬੈਠਣ ਸਾਰ ਜਿਵੇਂ ਤੀਸਰੀ ਅੱਖ ਪਟੱਕ ਦੇ ਕੇ ਖੁੱਲ੍ਹ ਜਾਂਦੀ ਹੈ ਤੇ ਲਿਖਣ ਲਈ ਹਲੂਣਾ ਤੇ ਰੂਹ ਨੂੰ ਸਰੂਰ ਦੇ ਜਾਂਦੀ ਹੈ। ... ਮੈਂ 'ਕੱਲਾ ਨਹੀਂ, ਮੇਰੇ ਵਾਂਗ ਹੋਰ ਬਹੁਤ ਸਾਰੇ ਪ੍ਰੌਢ ਤੇ ਪ੍ਰਸਿੱਧ ਲੇਖਕਾਂ ਤੇ ਵਿਦਵਾਨਾਂ ਨੂੰ ਵੀ ਕੰਪਿਊਟਰ ਦੇ ਇਨ੍ਹਾਂ ਰਾਹਾਂ 'ਤੇ ਇਸ ਨੇ ਏਸੇ ਵਿਧੀ ਨਾਲ ਤੋਰਿਆ ਹੈ।" ਪਾਂਧੀ ਸਾਹਿਬ ਦੀਆਂ ਇਨ੍ਹਾਂ ਸਤਰਾਂ ਵਿਚ 'ਤਾਬਿਆ ਬੈਠਣ', 'ਤੀਸਰੀ ਅੱਖ ਦੇ ਪਟੱਕ ਦੇ ਕੇ ਖੁੱਲ੍ਹਣ', 'ਲਿਖਣ ਲਈ ਹਲੂਣਾ' ਅਤੇ 'ਰੂਹ ਨੂੰ ਸਰੂਰ ਦੇਣਾ', ਆਦਿ ਸ਼ਬਦ ਪਾਠਕ ਨੂੰ ਵਿਸ਼ੇਸ਼ ਹਲੂਣਾ ਦਿੰਦੇ ਹਨ।

ਇਸ ਰਸ-ਭਰਪੂਰ ਲੇਖਣੀ ਦਾ ਇਕ ਹੋਰ ਨਮੂੰਨਾ ਵੇਖੋ:

ਪ੍ਰਿੰ. ਸਰਵਣ ਸਿੰਘ ਬਾਰੇ ਲਿਖੇ ਗਏ ਰੇਖ਼ਾ ਚਿੱਤਰ 'ਸੁਰੀਲੀਆਂ ਸੁਰਾਂ ਦਾ ਸੰਗੀਤ' ਵਿਚ ਕਹਿੰਦੇ ਹਨ, "ਜਿਨ੍ਹਾਂ ਬੋਲਾਂ ਨਾਲ ਕੰਵਲ ਨੇ ਸਰਵਣ ਸਿੰਘ ਨੂੰ ਦਿੱਲੀ ਤੋਂ ਪੱਟ ਕੇ ਪੇਂਡੂ ਕਾਲਜ (ਢੁੱਡੀਕੇ) ਵਿਚ ਵਾੜਿਆ ਸੀ, ਉਨ੍ਹਾਂ ਦੀ ਲਾਜ ਰੱਖਣੀ, ਉਮਰ-ਭਰ ਮਾਣ-ਮਰਿਆਦਾ ਕਾਇਮ ਰੱਖਣੀ, ਸੋਭਾ, ਜੱਸ ਤੇ ਵਡਿਆਈ ਖੱਟਣੀ ਇਹ ਸਰਵਣ ਸਿੰਘ ਦੇ ਜੀਵਨ ਦੀ ਸਭ ਤੋਂ ਅਹਿਮ, ਉੱਤਮ ਤੇ ਮਹਾਨ ਗੱਲ ਹੈ। ਅੰਤਾਂ ਦੀ ਸ਼ਿੱਦਤ ਭਰੀ ਇਹ ਉਹ 'ਭੀਸ਼ਮ ਪ੍ਰਤਿੱਗਿਆ' ਤੇ ਸਿਰਾਂ ਨਾਲ ਨਿਭਣ ਵਾਲਾ ਫ਼ੈਸਲਾ ਸੀ ਜਿਸ ਬਾਰੇ ਆਖਿਆ ਜਾਂਦੈ,

*"ਬਾਂਹ ਜਿਨ੍ਹਾਂ ਦੀ ਪਕੜੀਏ,*
*ਸਿਰ ਦੀਜੈ, ਬਾਂਹ ਨਾ ਛੋੜੀਏ।"*

...ਤੇ ਇਸ ਤਰ੍ਹਾਂ ਦੀ ਇਕ ਵੰਨਗੀ ਹੋਰ ਵੀ ਹਾਜ਼ਰ ਹੈ:

ਆਪਣੇ ਸਾਥੀ 'ਹੱਟੀ ਵਾਲੇ' ਮਾਸਟਰ ਸੁਖਦੇਵ ਸਿੰਘ ਦੇ ਬਾਰੇ ਕਹਿੰਦੇ ਹਨ:

"ਸੁਖਦੇਵ ਸਿੰਘ ਵਿਆਹਾਂ-ਸ਼ਾਦੀਆਂ ਜਾਂ ਮਰਨੇ-ਪਰਨੇ ਦੇ ਸਮਾਗ਼ਮਾਂ ਵਿਚ ਵਿਹਲਾ ਨਹੀਂ ਬੈਠ ਸਕਦਾ। ਸਮਾਗ਼ਮ ਭਾਵੇਂ ਕਿਸੇ ਤਰ੍ਹਾਂ ਦਾ ਹੋਵੇ, ਖ਼ੁਸ਼ੀ ਦਾ ਹੋਵੇ ਜਾਂ ਗ਼ਮੀ ਦਾ, ਇਸ ਨੂੰ ਕਿਸੇ ਨਾ ਕਿਸੇ ਕੰਮ ਦੀ ਜ਼ੁੰਮੇਂਵਾਰੀ ਚਾਹੀਦੀ ਹੈ। ਖ਼ੁਸ਼ ਹੀ ਤਦ ਹੋਵੇਗਾ, ਜ਼ੁੰਮੇਂਵਾਰੀ ਭਾਵੇਂ ਹਲਵਾਈ ਦੇ ਕੰਮ ਦੀ ਹੋਵੇ, ਪਕੌੜੇ ਤਲਣ ਦੀ। ਕਰਾਕਰੀ ਸੰਭਾਲਣ ਦੀ, ਸਬਜ਼ੀ ਲਿਆਉਣ, ਬਨਾਉਣ, ਕੂੰਡਾ ਘੋਟਣਾ ਖੜਕਾਉਣ, ਦਰੀਆਂ ਵਿਛਾਉਣ ਜਾਂ ਪੱਖਾ ਝੱਲਣ ਦੀ ਹੋਵੇ। ਕੁਰਸੀ 'ਤੇ ਵਿਹਲਾ ਬੈਠਣਾ ਉਸ ਦੇ ਲਈ ਸਜ਼ਾ ਹੈ। ਫਿਰ ਬੀਮਾਰ ਹੋਏਗਾ ਜਾਂ ਪੈੱਗ-ਸ਼ੈੱਗ ਦਾ ਪ੍ਰਬੰਧ ਕਰਨਾ ਪਵੇਗਾ। ਬੱਸ, ਉਸ ਨੂੰ ਕੰਮ ਦਿਓ ਤੇ ਆਪ ਨਿਸ਼ਚਿੰਤ ਹੋ ਜਾਓ।"

ਇਹ ਤਾਂ ਪਾਂਧੀ ਸਾਹਿਬ ਦੀ ਲੇਖਣੀ ਦੀਆਂ ਕੁਝ ਕੁ ਵੰਨਗੀਆਂ ਹੀ ਹਨ। ਸਾਰੀ ਪੁਸਤਕ ਹੀ ਅਜਿਹੇ ਖ਼ੂਬਸੂਰਤ ਵਰਨਣਾਂ ਨਾਲ ਭਰੀ ਪਈ ਹੈ। ਇਕ ਵਾਰ ਪੜ੍ਹਨੀ ਸ਼ੁਰੂ ਕਰ ਲਓ, ਫਿਰ ਇਸ ਨੂੰ ਖ਼ਤਮ ਕਰਕੇ ਹੀ ਸਾਹ ਲਓਗੇ। ਇਹ ਮੇਰੀ ਧਾਰਨਾ ਹੈ, ਇਸ ਪੁਸਤਕ ਦੇ ਬਾਰੇ। ਪੁਸਤਕ ਦੇ ਅਖ਼ੀਰ ਵਿਚ ਇਨ੍ਹਾਂ ਰੇਖ਼ਾ-ਚਿੱਤਰਾਂ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦੀਆਂ ਪਰਿਵਾਰਿਕ ਤਸਵੀਰਾਂ ਤੋਂ ਇਲਾਵਾ ਇਸ ਪੁਸਤਕ ਦੇ ਬਾਰੇ ਆਪਣੀ ਰਾਇ ਦੇਣ ਵਾਲੇ ਲੇਖਕਾਂ/ਲੇਖਕਾਵਾਂ ਦੀਆਂ ਵੀ ਰੰਗੀਨ ਤਸਵੀਰਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ. ਜਤਿੰਦਰ ਕੌਰ ਰੰਧਾਵਾ, ਡਾ. ਕੰਵਲਜੀਤ ਕੌਰ ਢਿੱਲੋਂ, ਪਰਮਜੀਤ ਕੌਰ ਦਿਓਲ, ਸੁਰਜੀਤ ਕੌਰ, ਡਾ. ਹਰਵਿੰਦਰ ਕੌਰ ਚੀਮਾ ਅਤੇ ਹਰਭਜਨ ਕੌਰ ਗਿੱਲ ਸ਼ਾਮਲ ਹਨ।

## ਹਲਕਾ ਫੁਲਕਾ

ਇੱਕ ਵੋਟਰ ਈ ਵੀ ਐਮ ਮਸ਼ੀਨ ਦੇ ਸਾਹਮਣੇ ਬੜੀ ਦੇਰ ਤੱਕ ਬਿਨਾਂ ਵੋਟ ਕੀਤੇ ਖੜ੍ਹਾ ਸੀ..

ਪੋਲਿੰਗ ਅਧਿਕਾਰੀ ਨੇ ਪੁੱਛਿਆ, "ਓਹ ਭਾਈ ਸਾਬ੍ਹ! ਕੀ ਸੋਚ ਰਹੇ ਹੋ, ਵੋਟ ਕਿਉਂ ਨਹੀਂ ਪਾ ਰਹੇ?"

ਵੋਟਰ ਬੋਲਿਆ, "ਰਾਤ ਨੂੰ ਕਿਹੜੇ ਉਮੀਦਵਾਰ ਨੇ ਪਿਆਈ ਸੀ, ਯਾਦ ਨਹੀਂ ਆ ਰਿਹਾ।"

********



ਪੱਪੂ ਦੀ ਪਤਨੀ ਡਰਾਈਵਰ ਨਾਲ ਭੱਜ ਗਈ...

ਗੱਪੂ (ਪੱਪੂ ਨੂੰ), "ਓਹ ਯਾਰ! ਤੂੰ ਕੀ ਕਰੇਂਗਾ?"

ਪੱਪੂ, "ਕਰਨਾ ਕੀ ਹੈ ਯਾਰ, ਗੱਡੀ ਖੁਦ ਹੀ ਚਲਾਉਣੀ ਪਵੇਗੀ?"

********

ਪਤੀ-ਪਤਨੀ ਭਾਂਡਿਆਂ ਦੀ ਦੁਕਾਨ ਵਿੱਚ ਝਗੜ ਰਹੇ ਸਨ...

ਪਤਨੀ, "ਇਹ ਵਾਲਾ ਸਟੀਲ ਦਾ ਗਲਾਸ ਲਵੋ?"

ਪਤੀ, "ਨਹੀਂ, ਇਹ ਵੱਡਾ ਗਲਾਸ ਲਵਾਂਗੇ।"

ਦੁਕਾਨਦਾਰ, "ਸਾਬ੍ਹ ਜੀ! ਅੱਜ ਮਹਿਲਾ ਦਿਵਸ ਹੈ, ਮੈਡਮ ਜੋ ਕਹਿ ਰਹੀ ਹੈ, ਉਹੀ ਗਲਾਸ ਲੈ ਲਵੋ।"

ਪਤੀ, "ਓਏ! ਤੈਨੂੰ ਵੇਚਣ ਦੀ ਪਈ ਹੈ, ਮੇਰਾ ਇਸ ਛੋਟੇ ਗਲਾਸ ਵਿੱਚ ਹੱਥ ਨਹੀਂ ਵੜਦਾ, ਮੈਂ ਇਸ ਨੂੰ ਮਾਂਜਾਗਾ ਕਿਵੇਂ?"

# ਤਾਪਮਾਨ ਵਿੱਚ ਭਾਰੀ ਵਾਧਾ ਜਲਵਾਯੂ ਤਬਦੀਲੀ ਲਈ ਗੰਭੀਰ ਹੈ

ਇਸ ਗਰਮੀਆਂ ਦੀ ਸ਼ੁਰੂਆਤ ਵਿੱਚ ਭਾਰਤ ਦੇ ਵੱਡੇ ਹਿੱਸਿਆਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਤੇਜ਼ ਗਰਮੀ ਇਸ ਗੱਲ ਦਾ ਸਬੂਤ ਹੈ ਕਿ ਇਹ ਜਲਵਾਯੂ ਪਰਿਵਰਤਨ ਦਾ ਯੁੱਗ ਹੈ ਅਤੇ ਇਸ ਦੇ ਪਾਣੀ ਦੀ ਸੁਰੱਖਿਆ ਲਈ ਗੰਭੀਰ ਪ੍ਰਭਾਵ ਪੈ ਸਕਦੇ ਹਨ, ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟਲ।


ਵਿਸ਼ਵ ਜਲ ਦਿਵਸ ਦੇ ਮੌਕੇ 'ਤੇ ਬੋਲਦਿਆਂ, ਸੀਐਸਈ ਦੀ ਡਾਇਰੈਕਟਰ ਜਨਰਲ ਸੁਨੀਤਾ ਨਰਾਇਣ ਨੇ ਕਿਹਾ ਕਿ ਜਲਵਾਯੂ ਮਿਟਾਉਣਾ ਪਾਣੀ ਅਤੇ ਇਸਦੇ ਪ੍ਰਬੰਧਨ ਬਾਰੇ ਹੋਣਾ ਚਾਹੀਦਾ ਹੈ।

"ਇਸ ਗਰਮੀਆਂ ਦੇ ਸ਼ੁਰੂ ਵਿੱਚ ਭਾਰਤ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਇਸ ਤੀਬਰ ਗਰਮੀ ਦੀ ਲਹਿਰ ਦਾ ਅਸਲ ਵਿੱਚ ਕੀ ਮਤਲਬ ਹੈ? ਇਸਦਾ ਮਤਲਬ ਹੈ, ਖਾਸ ਤੌਰ 'ਤੇ ਅੱਜ, ਜਦੋਂ ਅਸੀਂ ਵਿਸ਼ਵ ਜਲ ਦਿਵਸ ਮਨਾਉਂਦੇ ਹਾਂ, ਤਾਂ ਕਿ ਇਹ ਜਲਵਾਯੂ ਤਬਦੀਲੀ ਦਾ ਯੁੱਗ ਹੈ। ਇਸਦਾ ਮਤਲਬ ਇਹ ਵੀ ਹੈ ਕਿ ਅਸੀਂ ਕਿਵੇਂ ਆਉਣ ਵਾਲੇ ਦਿਨਾਂ ਵਿੱਚ ਸਾਡੇ ਪਾਣੀ ਨਾਲ ਨਜਿੱਠਣਾ ਇਹ ਨਿਰਧਾਰਤ ਕਰੇਗਾ ਕਿ ਕੀ ਅਸੀਂ ਅਜਿਹੀਆਂ ਅਤਿਅੰਤ ਮੌਸਮੀ ਸਥਿਤੀਆਂ ਤੋਂ ਬਚਾਂਗੇ ਜਾਂ ਨਹੀਂ।

ਨਰਾਇਣ ਨੇ ਕਿਹਾ, "ਅਸੀਂ ਸਾਰੇ ਜਾਣਦੇ ਹਾਂ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਵਧੀ ਹੋਈ ਗਰਮੀ ਅਤੇ ਝੁਲਸਣ ਵਾਲੇ ਤਾਪਮਾਨ ਅਤੇ ਪਰਿਵਰਤਨਸ਼ੀਲ ਅਤੇ ਬਹੁਤ ਜ਼ਿਆਦਾ ਬਾਰਿਸ਼ ਬਾਰੇ ਹਨ। ਦੋਵਾਂ ਦਾ ਜਲ ਚੱਕਰ ਨਾਲ ਸਿੱਧਾ ਸਬੰਧ ਹੈ। ਇਸ ਲਈ, ਜਲਵਾਯੂ ਪਰਿਵਰਤਨ ਨੂੰ ਘਟਾਉਣਾ ਪਾਣੀ ਅਤੇ ਇਸਦੇ ਪ੍ਰਬੰਧਨ ਬਾਰੇ ਹੋਣਾ ਚਾਹੀਦਾ ਹੈ," ਨਰਾਇਣ ਨੇ ਕਿਹਾ। .

ਦੀ ਜਲਵਾਯੂ ਪਰਿਵਰਤਨ ਦੀ ਡਿਪਟੀ ਪ੍ਰੋਗਰਾਮ ਮੈਨੇਜਰ ਅਵੰਤਿਕਾ ਗੋਸਵਾਮੀ ਨੇ ਕਿਹਾ ਕਿ ਭਾਰਤ 2021 ਦੀਆਂ ਸਥਿਤੀਆਂ ਨੂੰ ਦੁਹਰਾਉਣ ਦਾ ਗਵਾਹ ਹੈ, ਜਦੋਂ ਦੇਸ਼ ਦੇ ਕੁਝ ਹਿੱਸਿਆਂ ਵਿੱਚ ਫਰਵਰੀ ਦੇ ਸ਼ੁਰੂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਛੂਹ ਗਿਆ ਸੀ।

ਗੋਸਵਾਮੀ ਨੇ ਕਿਹਾ, "ਇਹ ਉਦੋਂ ਸੀ ਜਦੋਂ 2021 ਲਾ ਨਿਆ ਦਾ ਸਾਲ ਸੀ, ਪ੍ਰਸ਼ਾਂਤ ਪਾਣੀ ਦੀਆਂ ਧਾਰਾਵਾਂ ਜੋ ਵਿਸ਼ਵ ਪੱਧਰ 'ਤੇ ਠੰਡਾ ਤਾਪਮਾਨ ਲਿਆਉਣ ਲਈ ਜਾਣੀਆਂ ਜਾਂਦੀਆਂ ਹਨ। ਭਾਰਤੀ ਮੌਸਮ ਵਿਗਿਆਨੀਆਂ ਨੇ ਸੂਚਿਤ ਕੀਤਾ ਹੈ ਕਿ ਗਲੋਬਲ ਵਾਰਮਿੰਗ ਨੇ ਲਾ ਨਿਆ ਦੇ ਇਸ ਕੂਲਿੰਗ ਪ੍ਰਭਾਵ ਨੂੰ ਪੂਰਾ ਕੀਤਾ ਹੈ," ਗੋਸਵਾਮੀ ਨੇ ਕਿਹਾ।



ਖੋਜਕਰਤਾਵਾਂ ਨੇ ਇਸ਼ਾਰਾ ਕੀਤਾ ਕਿ ਵਧਦੀ ਗਰਮੀ ਦੇ ਪਾਣੀ ਦੀ ਸੁਰੱਖਿਆ ਲਈ ਗੰਭੀਰ ਪ੍ਰਭਾਵ ਹਨ ਅਤੇ ਇਸ ਦੇ ਨਾਲ ਸ਼ੁਰੂ ਕਰਨ ਲਈ, ਇਸਦਾ ਮਤਲਬ ਪਾਣੀ ਦੇ ਭੰਡਾਰਾਂ ਤੋਂ ਵੱਧ ਭਾਫ਼ ਹੋਣਾ ਹੋਵੇਗਾ।

"ਇਸਦਾ ਮਤਲਬ ਹੈ ਕਿ ਸਾਨੂੰ ਸਿਰਫ ਲੱਖਾਂ ਸੰਰਚਨਾਵਾਂ ਵਿੱਚ ਪਾਣੀ ਨੂੰ ਸਟੋਰ ਕਰਨ 'ਤੇ ਹੀ ਕੰਮ ਕਰਨ ਦੀ ਲੋੜ ਨਹੀਂ ਹੈ, ਸਗੋਂ ਵਾਸ਼ਪੀਕਰਨ ਦੇ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਵੀ ਯੋਜਨਾ ਬਣਾਉਣ ਦੀ ਜ਼ਰੂਰਤ ਹੈ। ਅਜਿਹਾ ਨਹੀਂ ਹੈ ਕਿ ਵਾਸ਼ਪੀਕਰਨ ਦੇ ਨੁਕਸਾਨ ਪਹਿਲਾਂ ਨਹੀਂ ਹੋਏ ਸਨ, ਪਰ ਹੁਣ ਭਾਫ਼ ਬਣਨ ਦੀ ਦਰ ਵਧੇਗੀ। ਵੱਧਦਾ ਤਾਪਮਾਨ, "ਸੀਐਸਈ ਨੇ ਕਿਹਾ।

ਖੋਜਕਰਤਾਵਾਂ ਦੇ ਅਨੁਸਾਰ, ਭਾਰਤ ਦੇ ਸਿੰਚਾਈ ਯੋਜਨਾਕਾਰਾਂ ਅਤੇ ਨੌਕਰਸ਼ਾਹੀ ਜ਼ਿਆਦਾਤਰ ਨਹਿਰਾਂ ਅਤੇ ਹੋਰ ਸਤਹੀ ਪਾਣੀ ਪ੍ਰਣਾਲੀਆਂ 'ਤੇ ਨਿਰਭਰ ਹਨ, ਉਨ੍ਹਾਂ ਨੂੰ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਵਿੱਚ ਕੋਈ ਛੋਟ ਨਹੀਂ ਦੇਣੀ ਚਾਹੀਦੀ।

ਸੀਐਸਈ ਨੇ ਕਿਹਾ ਕਿ ਵਧਦੀ ਗਰਮੀ ਮਿੱਟੀ ਵਿੱਚ ਨਮੀ ਦੇ ਸੁੱਕਣ ਦਾ ਕਾਰਨ ਵੀ ਬਣ ਸਕਦੀ ਹੈ, ਇਸ ਨਾਲ ਜ਼ਮੀਨ ਧੂੜ ਭਰੀ ਹੋ ਜਾਵੇਗੀ ਅਤੇ ਸਿੰਚਾਈ ਦੀ ਲੋੜ ਵਧੇਗੀ।

ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਬਹੁਤ ਸਾਰਾ ਭੋਜਨ ਅਜੇ ਵੀ ਬਾਰਿਸ਼-ਅਧਾਰਿਤ ਖੇਤਰਾਂ ਵਿੱਚ ਉਗਾਇਆ ਜਾਂਦਾ ਹੈ, ਇਹ ਜ਼ਮੀਨ ਦੀ ਗਿਰਾਵਟ ਅਤੇ ਧੂੜ ਦੇ ਕਟੋਰੇ ਦੇ ਗਠਨ ਨੂੰ ਤੇਜ਼ ਕਰੇਗਾ। ਇਸ ਦਾ ਮਤਲਬ ਹੈ ਕਿ ਪਾਣੀ ਦੇ ਪ੍ਰਬੰਧਨ ਨੂੰ ਬਨਸਪਤੀ ਯੋਜਨਾਬੰਦੀ ਦੇ ਨਾਲ-ਨਾਲ ਚੱਲਣਾ ਚਾਹੀਦਾ ਹੈ ਤਾਂ ਜੋ ਮਿੱਟੀ ਦੀ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਨੂੰ ਬਿਹਤਰ ਬਣਾਇਆ ਜਾ ਸਕੇ, ਭਾਵੇਂ ਕਿ ਤੀਬਰ ਅਤੇ ਲੰਬੇ ਗਰਮੀ ਦੇ ਸਮੇਂ ਵਿੱਚ, ਇਸ ਵਿੱਚ ਕਿਹਾ ਗਿਆ ਹੈ।

ਸੰਗਠਨ ਨੇ ਸਾਵਧਾਨ ਕੀਤਾ ਕਿ ਗਰਮੀ ਪਾਣੀ ਦੀ ਵਰਤੋਂ ਨੂੰ ਵਧਾਏਗੀ, ਪੀਣ ਅਤੇ ਸਿੰਚਾਈ ਤੋਂ ਲੈ ਕੇ ਜੰਗਲਾਂ ਜਾਂ ਇਮਾਰਤਾਂ ਵਿੱਚ ਅੱਗ ਨਾਲ ਲੜਨ ਤੱਕ।

"ਅਸੀਂ ਪਹਿਲਾਂ ਹੀ ਦੁਨੀਆ ਦੇ ਕਈ ਹਿੱਸਿਆਂ ਵਿੱਚ ਅਤੇ ਭਾਰਤ ਦੇ ਜੰਗਲਾਂ ਵਿੱਚ ਜੰਗਲਾਂ ਦੀ ਭਿਆਨਕ ਅੱਗ ਦੇ ਕਹਿਰ ਨੂੰ ਦੇਖਿਆ ਹੈ। ਇਹ ਸਿਰਫ ਤਾਪਮਾਨ ਵਧਣ ਦੇ ਨਾਲ ਹੀ ਵਧੇਗੀ। ਜਲਵਾਯੂ ਤਬਦੀਲੀ ਦੇ ਨਾਲ ਪਾਣੀ ਦੀ ਮੰਗ ਵਧੇਗੀ, ਇਸ ਨੂੰ ਹੋਰ ਵੀ ਜ਼ਰੂਰੀ ਬਣਾਉਂਦਾ ਹੈ ਜੋ ਅਸੀਂ ਕਰਦੇ ਹਾਂ। ਬਰਬਾਦ ਨਹੀਂ - ਜਾਂ ਤਾਂ ਪਾਣੀ ਜਾਂ ਗੰਦਾ ਪਾਣੀ," ਇਸ ਨੇ ਕਿਹਾ।

ਸੀਐਸਈ ਨੇ ਇਹ ਵੀ ਕਿਹਾ ਕਿ ਜਲਵਾਯੂ ਪਰਿਵਰਤਨ ਪਹਿਲਾਂ ਹੀ ਬਹੁਤ ਜ਼ਿਆਦਾ ਮੀਂਹ ਦੀਆਂ ਘਟਨਾਵਾਂ ਦੀ ਵੱਧ ਰਹੀ ਗਿਣਤੀ ਦੇ ਰੂਪ ਵਿੱਚ ਦਿਖਾਈ ਦੇ ਰਿਹਾ ਹੈ।

"ਇਸਦਾ ਮਤਲਬ ਹੈ ਕਿ ਅਸੀਂ ਮੀਂਹ ਦੇ ਹੜ੍ਹ ਦੇ ਰੂਪ ਵਿੱਚ ਆਉਣ ਦੀ ਉਮੀਦ ਕਰ ਸਕਦੇ ਹਾਂ, ਜਿਸ ਨਾਲ ਸੋਕੇ ਤੋਂ ਬਾਅਦ ਹੜ੍ਹਾਂ ਦਾ ਚੱਕਰ ਹੋਰ ਵੀ ਤੀਬਰ ਹੋ ਜਾਂਦਾ ਹੈ। ਭਾਰਤ ਵਿੱਚ ਪਹਿਲਾਂ ਹੀ ਇੱਕ ਸਾਲ ਵਿੱਚ ਘੱਟ ਬਰਸਾਤੀ ਦਿਨ ਹੁੰਦੇ ਹਨ - ਕਿਹਾ ਜਾਂਦਾ ਹੈ ਕਿ ਇੱਥੇ ਔਸਤਨ 100 ਘੰਟੇ ਮੀਂਹ ਪੈਂਦਾ ਹੈ। ਇੱਕ ਸਾਲ। ਹੁਣ ਬਰਸਾਤ ਦੇ ਦਿਨਾਂ ਦੀ ਗਿਣਤੀ ਹੋਰ ਘੱਟ ਜਾਵੇਗੀ, ਪਰ ਬਹੁਤ ਜ਼ਿਆਦਾ ਬਰਸਾਤ ਵਾਲੇ ਦਿਨ ਵਧਣਗੇ," ਇਸ ਵਿੱਚ ਕਿਹਾ ਗਿਆ ਹੈ।

"ਸਾਨੂੰ ਕੱਲ੍ਹ ਪਾਣੀ ਅਤੇ ਇਸ ਦੇ ਪ੍ਰਬੰਧਨ ਬਾਰੇ ਜਨੂੰਨ ਹੋਣ ਦੀ ਲੋੜ ਸੀ ਕਿਉਂਕਿ ਪਾਣੀ ਸਿਹਤ ਅਤੇ ਦੌਲਤ ਦਾ ਆਧਾਰ ਹੈ। ਪਰ ਹੁਣ ਸਾਨੂੰ ਜਨੂੰਨ ਤੋਂ ਵੱਧ ਜਨੂੰਨ ਹੋਣ ਦੀ ਲੋੜ ਹੈ। ਸਾਨੂੰ ਦ੍ਰਿੜਤਾ ਅਤੇ ਸੋਚ-ਸਮਝ ਕੇ ਹੋਣ ਦੀ ਲੋੜ ਹੈ। ਜਲਵਾਯੂ ਦੇ ਯੁੱਗ ਵਿੱਚ ਇਸ ਵਿਸ਼ਵ ਜਲ ਦਿਵਸ 'ਤੇ ਤਬਦੀਲੀ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਪਾਣੀ ਦਾ ਏਜੰਡਾ ਸਾਡੇ ਭਵਿੱਖ ਦਾ ਅਸਲੀ ਨਿਰਮਾਣ ਜਾਂ ਤੋੜ ਹੈ"।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ, ਪੰਜਾਬ।*

## ਹਮਦਰਦੀ

-ਹਰਿੰਦਰ ਸਿੰਘ ਗੋਗਨਾ



ਮਿੰਨੀ ਕਹਾਣੀ

ਉਹ ਬੁੱਢੀ ਔਰਤ ਦਫਤਰ ਵਿੱਚ ਦਾਖਲ ਹੋਈ ਅਤੇ ਦੋਵੇਂ ਹੱਥ ਜੋੜ ਕੇ ਨਿਰਮਤਾ ਨਾਲ ਬੋਲੀ, "ਮੇਰਾ ਇਕਲੌਤਾ ਬੇਟਾ ਹਸਪਤਾਲ ਵਿੱਚਹੈ। ਡਾਕਟਰ ਉਸ ਦਾ ਇਲਾਜ ਕਰ ਰਹੇ ਹਨ। ਕੁਝ ਪੈਸੇ ਜਮ੍ਹਾ ਹੋ ਗਏ ਹਨ। ਅਜੇ ਵੀ ਦੋ ਹਜ਼ਾਰ ਘੱਟ ਪੈ ਰਹੇ ਹਨ, ਜੇ ਮੇਰੀ ਮਦਦ ਕਰ ਦਿੰਦੇ ਤਾਂ...।"

ਕਹਿੰਦੇ ਹੀ ਉਸ ਨੇ ਆਸ ਭਰੀਆਂ ਨਜ਼ਰਾਂ ਨਾਲ ਅੱਗੇ ਵਧਦੇ ਹੋਏ ਇੱਕ ਕਰਮਚਾਰੀ ਨੂੰ ਡਾਕਟਰ ਵੱਲੋਂ ਲਿਖੀਆਂ ਦਵਾਈਆਂ ਦੀ ਪਰਚੀ ਦਿਖਾਈ। ਸਾਰਿਆਂ ਨੇ ਆਪਸ ਵਿੱਚ ਦੇਖਿਆ ਅਤੇ ਫਿਰ ਕੰਮ ਵਿੱਚ ਲੱਗ ਗਏ। ਇੱਕ ਔਰਤ ਕਰਮਚਾਰੀ ਬੁੜਬੁੜਾਈ, "ਅੱਜ ਕੱਲ੍ਹ ਲੋਕਾਂ ਨੇ ਇਹ ਨਵਾਂ ਧੰਦਾ ਬਣਾ ਲਿਆ।"

"ਸਭ ਧੋਖਾ ਹੈ, ਬੁੱਢੀ ਝੂਠ ਬੋਲ ਰਹੀ ਹੈ।" ਵੱਡੇ ਬਾਊ ਐਨਕ ਵਿੱਚੋਂ ਝਾਕ ਕੇ ਸਹਿਯੋਗੀ ਦੇ ਕੰਨ ਵਿੱਚ ਬੋਲੇ।

"ਭਿਖਾਰਨ ਤਾਂ ਲੱਗਦੀ ਨਹੀਂ..." ਇੱਕ ਹੋਰ ਬੋਲਿਆ। ਉਦੋਂ ਕਮਰੇ ਵਿੱਚ ਬੌਸ ਆਏ ਅਤੇ ਬੋਲੇ, "ਸੁਣੋ, ਇਹ ਔਰਤ ਗਰੀਬ ਅਤੇ ਲਾਚਾਰ ਹੈ। ਇਸ ਦੀ ਮਦਦ ਕਰੋ ਭਾਈ।" ਸਾਰਿਆਂ ਨੇ ਫਿਰ ਆਪਸ ਵਿੱਚ ਦੇਖਿਆ ਅਤੇ ਆਪਣੀ-ਆਪਣੀ ਜੇਬ ਵਿੱਚੋਂ ਪੈਸੇ ਕੱਢ ਕੇ ਬੁੱਢੀ ਔਰਤ ਨੂੰ ਦੇਣ ਲੱਗੇ।

"ਮਾਈ ਘਬਰਾਓ ਨਾ, ਤੁਹਾਡਾ ਬੇਟਾ ਜਲਦੀ ਠੀਕ ਹੋ ਜਾਏਗਾ....।"

"ਇੱਥੇ ਬੈਠੋ ਮਾਂ, ਮੈਂ ਸਾਰਿਆਂ ਤੋਂ ਪੈਸੇ ਇਕੱਠੇ ਕਰ ਕੇ ਤੁਹਾਨੂੰ ਦਿੰਦਾ ਹਾਂ।"


"ਬੜੀ ਗਰਮੀ ਹੈ, ਮਾਤਾ ਜੀ ਨੂੰ ਪਾਣੀ ਪਿਲਾਓ।"

ਸਿਰ ਉੱਤੇ ਵੱਡੇ ਬੌਸ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿੱਚ ਸਾਰੇ ਜਣੇ ਬੁੱਢੀ ਔਰਤ ਨੂੰ ਹਮਦਰਦੀ ਦਿਖਾ ਰਹੇ ਸਨ।



# ਡੇਰਾ ਮੁਖੀ ਰਾਮ ਰਹੀਮ ਦੇ ਪ੍ਰੋਡਕਸ਼ਨ ਵਾਰੰਟ ਬਾਰੇ ਹਾਈ ਕੋਰਟ ਵਿੱਚ ਅੰਤਿਮ ਬਹਿਸ 2 ਨੂੰ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ)- ਬਰਗਾੜੀ ਵਿੱਚ ਹੋਈ ਬੇਅਦਬੀ ਵਾਲੀ ਘਟਨਾ ਬਾਰੇ ਦਰਜ ਸ਼ਿਕਾਇਤ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ ਪੰਜਾਬ ਪੁਲਸ ਨੂੰ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਰਾਮ ਰਹੀਮ ਦਾ ਪ੍ਰੋਡਕਸ਼ਨ ਰਿਮਾਂਡ ਨਹੀਂ ਮਿਲ ਰਿਹਾ। ਇਸ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੱਲਦੇਕੇਸ ਵਿੱਚ ਕੱਲ੍ਹ ਐਡਵੋਕੇਟ ਜਰਨਲ ਤੇ ਰਾਮ ਰਹੀਮ ਦੇ ਵਕੀਲਾਂ ਵਿਚਾਲੇ ਬਹਿਸ ਹੋਈ।




ਐਡਵੋਕੇਟ ਜਨਰਲ ਨੇ ਰਾਮ ਰਹੀਮ ਦੀ ਕਸਟੋਡੀਅਲ ਹਿਰਾਸਤ ਦੀ ਮੰਗ ਕੀਤੀ, ਪਰ ਰਾਮ ਰਹੀਮ ਦੇ ਵਕੀਲਾਂ ਨੇ ਕਿਹਾ ਕਿ ਜਦੋਂ ਹੇਠਲੀ ਅਦਾਲਤ ਵੀਡੀਓ ਕਾਨਫਰੰਸਿੰਗ ਰਾਹੀਂ ਰਾਮ ਰਹੀਮ ਨੂੰ ਫਰੀਦਕੋਟ ਕੋਰਟ ਅੱਗੇ ਪੇਸ਼ ਕਰਨ ਦੀ ਗੱਲ ਕਹਿ ਚੁੱਕੀ ਹੈ ਤਾਂ ਕਸਟੋਡੀਅਲ ਹਿਰਾਸਤ ਦਾ ਕੋਈ ਮਤਲਬ ਨਹੀਂ ਰਹਿੰਦਾ। ਵਕੀਲਾਂ ਦਾ ਕਹਿਣਾ ਸੀ ਕਿ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਨੇ ਵੀ ਰਾਮ ਰਹੀਮ ਨੂੰ ਹਿਰਾਸਤ ਵਿੱਚ ਨਾ ਲੈਣ ਦੀ ਗੱਲ ਕਹੀ ਹੈ। ਐਡਵੋਕੇਟ ਜਨਰਲ ਨੇ ਕਿਹਾ ਕਿ ਅਸੀਂ ਬੇਅਦਬੀ ਕੇਸ ਵਿੱਚ ਨਤੀਜੇ ਉੱਤੇ ਪੁੱਜਣਾ ਚਾਹੁੰਦੇ ਹਾਂ। ਰਾਮ ਰਹੀਮ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ। ਰਾਮ ਰਹੀਮ ਦੇ ਵਕੀਲਾਂ ਨੇ ਕਿਹਾ ਕਿ ਜੋ ਹੁਕਮ ਪਹਿਲਾਂ ਕੋਰਟ ਨੇ ਦਿੱਤੇ ਸਨ, ਉਹੀ ਹੁਕਮ ਹੋਰ ਕੋਰਟਾਂ ਵਿੱਚ ਵੀ ਮੰਨਣਯੋਗ ਹੋਣਾ ਚਾਹੀਦਾ ਹੈ। ਕੋਰਟ ਨੇ ਦੋਵਾਂ ਧਿਰਾਂ ਨੂੰ ਸੁਣਨ ਪਿੱਛੋਂ ਬਹਿਸ ਲਈ 2 ਮਈ ਮਿਥੀ ਹੈ।

### ਕੇਬਲ ਨੈਟਵਰਕ 'ਚ ਹੇਰਾਫੇਰੀ:

# 50 ਲੱਖ ਦੀ ਚੋਰੀ ਦੇ ਦੋਸ਼ ਵਿੱਚ ਯੂਥ ਕਾਂਗਰਸ ਪ੍ਰਧਾਨ ਦੱਤਾ ਖਿਲਾਫ ਕੇਸ ਦਰਜ

ਜਲੰਧਰ, 26 ਅਪ੍ਰੈਲ (ਪੋਸਟ ਬਿਊਰੋ)- ਥਾਣਾ ਨਵੀਂ ਬਾਰਾਂਦਰੀ ਹੇਠ ਡਿਫੈਂਸ ਕਾਲੋਨੀ ਵਿੱਚ ਕੱਲ੍ਹ ਓਦੋਂ ਹੰਗਾਮਾ ਹੋ ਗਿਆ, ਜਦੋਂ ਡਿਫੈਂਸ ਕਾਲੋਨੀ ਵਿੱਚ ਰਹਿਣ ਵਾਲੇ ਯੂਥ ਪ੍ਰਧਾਨ ਅੰਗਦ ਦੱਤਾ ਦੇ ਘਰ ਛਾਪੇਮਾਰੀ ਹੋਈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਬਾਰਾਂਦਰੀ ਵਿੱਚ ਅੰਗਦ ਦੱਤਾ ਦੇ ਖਿਲਾਫ ਦਰਜ ਚੋਰੀ ਦੀ ਸ਼ਿਕਾਇਤ ਉੱਤੇਛਾਪੇ ਦੌਰਾਨ ਅੰਗਦ ਦੱਤਾ ਅਤੇ ਕਾਂਗਰਸ ਦੇ ਸਮਰਥਕਾਂ ਨੇ ਪੁਲਸ ਦਾ ਕਾਫੀ ਵਿਰੋਧ ਕੀਤਾ ਤੇ ਗ੍ਰਿਫਤਾਰੀ ਤੇ ਪੁੱਛਗਿੱਛ ਨਹੀਂ ਕਰਨ ਦਿੱਤੀ। ਪੁਲਸ ਨੂੰ ਜੈਵੀਰ ਸਿੰਘ ਕਟਾਰੀਆ ਨੇ ਦੱਸਿਆ ਕਿ ਉਹ ਫਾਸਟਵੇ ਟ੍ਰਾਂਸਮਿਸ਼ਨ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਸੀ ਈ ਓ ਹਨ ਅਤੇ ਅੰਗਦ ਦੱਤਾ ਨੇ ਉਨ੍ਹਾਂ ਦੀ ਕੇਬਲ ਕੰਪਨੀ ਦੇ ਨਾਲ ਹੇਰਾਫੇਰੀ ਕੀਤੀ ਹੈ। ਜੈਵੀਰ ਨੇ ਦੋਸ਼ ਲਾਏ ਕਿ ਉਨ੍ਹਾਂ ਦੀਆਂ ਤਾਰਾਂ ਵਰਤ ਕੇ ਅੰਗਦ ਦੱਤਾ ਨੇ ਕਿਸੇ ਹੋਰ ਕੰਪਨੀ ਦੇ ਬ੍ਰਾਡਬੈਂਡ ਲਾਏ ਤੇ ਸਰਵਿਸ ਪ੍ਰੋਵਾਈਡ ਕਰਵਾਈ ਹੈ। ਇਸ ਨਾਲ ਉਨ੍ਹਾਂ ਦਾ ਤਕਰੀਬਨ 50 ਲੱਖ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ।

ਪੁਲਸ ਨੇ ਸ਼ਿਕਾਇਤ ਉੱਤੇ ਅੰਗਦ ਦੱਤਾ ਨੂੰ ਜਾਂਚ ਲਈ



ਸੱਦਿਆ। ਜਦ ਉਹ ਨਾ ਪਹੁੰਚਿਆ ਤਾਂ ਪੁਲਸ ਪੁੱਛਗਿੱਛ ਲਈ ਉਸ ਦੇ ਘਰ ਪਹੁੰਚ ਗਈ। ਇਸ ਦਾ ਪਤਾ ਲੱਗਦੇ ਹੀ ਕਾਂਗਰਸ ਸਮਰਥਕਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ। ਤਿੰਨ ਘੰਟੇ ਤੋਂ ਵੱਧ ਸਮਾਂ ਹੰਗਾਮਾ ਹੋਇਆ। ਇਸ ਦੀ ਜਾਣਕਾਰੀ ਮਿਲਦੇ ਹੀ ਸਾਬਕਾ ਵਿਧਾਇਕ ਰਾਜਿੰਦਰ ਬੇਰੀ ਤੇ ਕਾਂਗਰਸ ਜ਼ਿਲ੍ਹਾ ਪ੍ਰਧਾਨ ਰਾਜਨ ਗੁਪਤਾ ਵੀ ਮੌਕੇ ਉੱਤੇ ਪਹੁੰਚ ਗਏ। ਰਾਜਿੰਦਰ ਬੇਰੀ ਨੇ ਕਿਹਾ ਕਿ ਅੰਗਦ ਦੱਤਾ ਉੱਤੇਪੜਤਾਲ ਕਰਨਦੇ ਕੇਸ ਦਰਜ ਕਰਨਾ ਗਲਤ ਹੈ। ਦੂਸਰੇ ਪਾਸੇ ਐਸ ਐਚ ਓ ਨੇ ਦੱਸਿਆ ਕਿ ਪੁਲਸ ਨੇ ਅੰਗਦ ਦੱਤਾਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਆਏ। ਪੁਲਸ ਨੇ ਸਾਰੇ ਪੱਖਾਂ ਤੋਂ ਜਾਂਚ ਦੇ ਬਾਅਦ ਹੀ ਕੇਸ ਦਰਜ ਕੀਤਾ ਹੈ। ਓਧਰ ਸੋਸ਼ਲ ਸਾਈਟਸ ਉੱਤੇ ਅੰਗਦ ਦੱਤਾ ਨੇ ਕੱਲ੍ਹ ਪ੍ਰੈਸ ਕਾਨਫਰੰਸ ਕਰ ਕੇ ਸਾਰੇ ਮਾਮਲੇ ਦੇ ਬਾਰੇ ਵਿੱਚ ਜਾਣਕਾਰੀ ਦੇਣ ਦੇ ਲਈ ਕਿਹਾ ਹੈ। ਉਨ੍ਹਾਂ ਨੇ ਖੁਦ ਉੱਤੇ ਲਗਾਏ ਦੋਸ਼ਾਂ ਨੂੰ ਝੂਠਾ ਦੱਸਿਆ।

## ਪਹਿਲੇ ਗੇੜ ਵਿੱਚ ਮਹੀਨੇ ਅੰਦਰ 5000 ਏਕੜ ਪੰਚਾਇਤੀ ਜ਼ਮੀਨ ਤੋਂ ਕਬਜ਼ੇ ਹਟਾਵਾਂਗੇ: ਧਾਲੀਵਾਲ

ਐਸ ਏ ਐਸ ਨਗਰ, 26 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਧਾਲੀਵਾਲ ਨੇ ਪੰਚਾਇਤੀ ਜ਼ਮੀਨਾਂ ਉੱਤੇ ਹੋਏ ਨਾਜਾਇਜ਼ ਕਬਜ਼ਿਆਂ ਦੀ ਜਾਂਚ ਦੇ ਆਦੇਸ਼ ਦਿੱਤੇ ਹਨ।

ਇੱਥੇ ਵਿਕਾਸ ਭਵਨ ਵਿਖੇ ਸਾਰੇ ਐਡੀਸ਼ਨਲ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰਾਂ ਦੀ ਉਚ ਪੱਧਰੀ ਮੀਟਿੰਗ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਧਿਕਾਰੀਆਂ ਨੂੰ ਸਖ਼ਤ ਆਦੇਸ਼ ਦਿੰਦਿਆਂ ਕਿਹਾ ਕਿ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਪੰਚਾਇਤ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾਣ। ਉਨ੍ਹਾਂ ਕਿਹਾ ਕਿ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੇ ਪਹਿਲੇ ਪੜਾਅ ਵਿੱਚ ਇੱਕ ਮਹੀਨੇ ਅੰਦਰ 31 ਮਈ 2022 ਤਕ ਪੰਜ ਹਜ਼ਾਰ ਏਕੜ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਏ ਜਾਣਗੇ। ਉਨ੍ਹਾਂ ਇਸ ਸਾਲ ਖੇਤੀਯੋਗ ਪੰਚਾਇਤੀ ਜ਼ਮੀਨਾਂ ਦੀ ਖੁੱਲ੍ਹੀ ਬੋਲੀ ਯਕੀਨੀ ਬਣਾਉਣ ਲਈ ਵੀਡੀਓਗ੍ਰਾਫ਼ੀ ਕਰਨ ਦੇ ਹੁਕਮ ਦੇਂਦਿਆਂ ਕਿਹਾ ਕਿ ਖੁੱਲ੍ਹੀ ਬੋਲੀ ਬਾਰੇ ਕੀਤੀ ਜਾਂਦੀ ਅਨਾਊਂਸਮੈਂਟ ਦੀ ਵੀ ਵੀਡੀਓ ਰਿਕਾਰਡਿੰਗ ਯਕੀਨੀ ਕੀਤੀ ਜਾਵੇ। ਜੇ ਕਿਸੇ ਅਫਸਰ ਦੀ ਬੋਲੀ ਕਰਵਾਉਣ ਮੌਕੇ ਕਿਸੇ ਵਿਅਕਤੀ ਨੂੰ ਲਾਭ ਪੁਚਾਉਣ ਵਿੱਚਗੱਲ ਸਾਹਮਣੇ ਆਈ ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਿਹੜੀਆਂ ਜ਼ਮੀਨਾਂ ਦੇ ਚਕੌਤੇ ਦੇ ਰੇਟ ਘਟੇ ਹਨ, ਉਨ੍ਹਾਂ ਦੀ ਜਾਂਚ ਕਰਕੇ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਪੰਚਾਇਤੀ ਜ਼ਮੀਨਾਂ ਉੱਤੇ ਟਿਊਬਵੈਲ ਲਵਾਉਣ ਲਈ ਅਧਿਕਾਰੀਆਂ ਨੂੰ ਕਾਰਵਾਈ ਕਰਨ ਦੇ ਹੁਕਮ ਦਿੰਦਿਆਂ ਕਿਹਾ ਕਿ ਇਸ ਕੰਮ ਲਈ ਜ਼ਿਲ੍ਹਾ ਅਤੇ ਬਲਾਕ ਅਧਿਕਾਰੀ ਖ਼ੁਦ ਬਿਜਲੀ ਬੋਰਡ ਦੇ ਅਫਸਰਾਂ ਨਾਲ ਸੰਪਰਕ ਕਰਨ। ਇੱਕ ਹੋਰ ਅਹਿਮ ਫ਼ੈਸਲਾ ਲੈਂਦਿਆਂ ਮੰਤਰੀ ਧਾਲੀਵਾਲ ਨੇ ਕਿਹਾ ਕਿ ਡੀ ਡੀ ਪੀ ਓ ਦੀਆਂ ਅਦਾਲਤਾਂ ਵਿੱਚ ਚੱਲਦੇ ਕੇਸਾਂ ਦਾ ਤਿੰਨ ਮਹੀਨੇ ਵਿੱਚ ਨਿਬੇੜਾ ਯਕੀਨੀ ਕੀਤਾ ਜਾਵੇ ਅਤੇ ਕੋਈ ਕੇਸ ਪੈਂਡਿੰਗ ਨਾ ਰੱਖਿਆ ਜਾਵੇ।

# ਜਿਲ੍ਹੇ ਵਿੱਚ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਉਦਯੋਗਪਤੀਆਂ ਨੂੰ ਕੋਈ ਮੁਸ਼ਕਿਲ ਪੇਸ ਨਹੀਂ ਆਉਣ ਦਿੱਤੀ ਜਾਵੇਗੀ ਡਿਪਟੀ ਕਮਿਸ਼ਨਰ ਪਠਾਨਕੋਟ

ਪਠਾਨਕੋਟ, 26 ਅਪ੍ਰੈਲ (ਰਾਜਿੰਦਰ ਸਿੰਘ ਰਾਜਨ) ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਵੱਲੋਂ ਉਦਯੋਗਿਕ ਯੂਨਿਟ ਨੂੰ ਉਤਸਾਹਿਤ ਕਰਨ ਲਈ ਪੰਜਾਬ ਰਾਈਟ ਟੂ ਬਿਜਨਸ ਐਕਟ 2020 ਅਧੀਨ ਅੱਜ M/S B.P.Polymer ਪਿੰਡ ਕੌਂਤਰਪੁਰ ਜਿਲ੍ਹਾ ਪਠਾਨਕੋਟ ਨੂੰ ਇੰਨ ਪ੍ਰਿੰਸੀਪਲ ਅਪਰੂਵਲ ਪੰਜ ਦਿਨ੍ਹਾਂ ਅੰਦਰ ਆਨ ਲਾਈਨ ਅਪਰੂਬਲ ਦਿੱਤੀ ਗਈ ਹੈ।



ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਕੋਈ ਵੀ ਉਦਯੋਗਪਤੀ ਇਸ ਐਕਟ ਅਧੀਨ ਨਵਾਂ ਯੂਨਿਟ ਲਗਾਉਂਣ ਲਈ ਸਰਟੀਫਿਕੇਟ ਇੰਨ ਪ੍ਰਿੰਸੀਪਲ ਅਪਰੂਵਲ ਲੈ ਕੇ ਅਪਣਾ ਉਦਯੋਗਿਕ ਧੰਦਾ ਸੁਰੂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਉਦਯੋਗਿਕ ਧੰਦਾ ਚਾਲੂ ਹੋਣ ਉਪਰੰਤ ਨਾਲ ਨਾਲ ਤਿੰਨ ਸਾਲ ਦੇ ਵਿੱਚ ਸੰਬੰਧਤ ਵਿਭਾਗਾਂ ਤੋ ਰੇਗੁਲੇਟਰੀ ਕਲੀਅਰੈਂਸ ਲੈ ਸਕਦਾ ਹੈ ਅਤੇ ਇਹ ਸਾਰੀਆਂ ਮਨਜੂਰੀਆਂ ਆਨ ਲਾਈਨ ਪੋਰਟਲ ਤੇ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਇਸ ਨਾਲ ਉਦਯੋਗਪਤੀਆਂ ਦਾ ਟਾਈਮ ਦਾ ਨੁਕਸਾਨ ਨਹੀਂ ਹੁੰਦਾ।

ਇਸ ਤੋਂ ਇਲਾਵਾ ਡਿਪਟੀ ਕਮਿ-ਸਨਰ ਪਠਾਨਕੋਟ ਵੱਲੋਂ ਜਨਰਲ ਮੈਨੇਜਰ ਜਿਲ੍ਹਾ ਉਦਯੋਗ ਕੇਂਦਰ ਪਠਾਨਕੋਟ ਸ੍ਰੀ ਸੁੱਖਪਾਲ ਸਿੰਘ ਨੂੰ ਆਦੇਸ ਵੀ ਜਾਰੀ ਕੀਤੇ ਗਏ ਕਿ ਉਦਯੋਗਪਤੀਆਂ ਨੂੰ ਆ ਰਹੀਆਂ ਔਕੜਾਂ ਸਬੰਧੀ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਦੇ ਹੋਏ ਤੁਰੰਤ ਹੱਲ ਕੀਤਾ ਜਾਵੇ ਤਾਂ ਜੋ ਜਿਲ੍ਹੇ ਵਿੱਚ ਨਵੇਂ ਉਦਯੋਗਾਂ ਨੂੰ ਉਤਸਾਹਿਤ ਕੀਤਾ ਜਾ ਸਕੇ।


# ਪੰਜਾਬ ਦੀਆਂ ਸੱਤ ਪੰਚਾਇਤਾਂ, ਦੋ ਬਲਾਕ ਸੰਮਤੀਆਂ ਅਤੇ ਇੱਕ ਜ਼ਿਲ੍ਹਾ ਪ੍ਰੀਸ਼ਦ ਨੂੰ ਨੈਸ਼ਨਲ ਐਵਾਰਡ

ਚੰਡੀਗੜ੍ਹ, 26 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀਆਂ 13 ਪੰਚਾਇਤੀ ਸੰਸਥਾਵਾਂ ਲਈਭਾਰਤ ਸਰਕਾਰ ਦੇ ਦਿਹਾਤੀ ਵਿਕਾਸ ਮੰਤਰ-ਾਲੇ ਨੇ ਦੀਨਦਿਆਲ ਉਪਾਧਿਆਏ ਪੰਚਾਇਤ ਸ਼ਕਤੀਕਰਨ ਐਵਾਰਡ ਅਤੇ ਨਾਨਾ ਜੀ ਦੇਸ਼ਮੁਖ ਐਵਾਰਡ ਜਾਰੀ ਕੀਤੇ ਹਨ। ਇਹ ਐਵਾਰਡ ਸਾਲ 2020-21 ਲਈ ਹਰ ਸਾਲ ਚੰਗੀ ਕਾਰਗੁਜ਼ਾਰੀ ਲਈ ਮਿਲੇ ਹਨ।



ਇਨ੍ਹਾਂ ਇਨਾਮਾਂ ਲਈ ਪੰਜਾਬ ਦੇ ਪੇਂਡੂ ਵਿਕਾਸ ਮੰਤਰੀ ਕੁਲਦੀਪ ਧਾਲੀਵਾਲ ਨੇ ਕੱਲ੍ਹ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੁੱਖ ਦਫਤਰ ਵਿਖੇ ਕਰਵਾਏ ਸਮਾਗਮ ਵਿੱਚ ਇਨ੍ਹਾਂ ਸੰਸਥਾਵਾਂ ਦੇ ਆਗੂਆਂ ਨੂੰ ਸਨਮਾਨਤ ਕੀਤਾ।ਉਨ੍ਹਾਂ ਨੇ ਇੱਕ ਜੂਨ ਤੋਂ ਐਵਾਰਡ ਜੇਤੂ ਪਿੰਡਾਂ ਤੋਂ ਗ੍ਰਾਮ ਸਭਾ ਸੈਸ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ ਤੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਗ੍ਰਾਮ ਸਭਾਵਾਂ ਕੀਤੀਆਂ ਜਾਣਗੀਆਂ, ਜਿਸ ਲਈ ਵਿਭਾਗ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਪੇਂਡੂ ਵਿਕਾਸ ਮੰਤਰੀ ਨੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਪਿੰਡਾਂ ਦੇ ਵਿਕਾਸ ਲਈ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ।

ਐਵਾਰਡ ਜਿੱਤਣ ਵਾਲੀਆਂ ਸੰਸਥਾਵਾਂ ਵਿੱਚ ਸੱਤ ਗ੍ਰਾਮ ਪੰਚਾਇਤਾਂ, ਦੋ ਬਲਾਕ ਸੰਮਤੀਆਂ ਅਤੇਪਟਿਆਲੇ ਦੀ ਜ਼ਿਲ੍ਹਾ ਪ੍ਰੀਸ਼ਦ ਹੈ। ਬਲਾਕ ਸੰਮਤੀਆਂ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਅਤੇ ਬਲਾਕ ਸੰਮਤੀ ਕਪੂਰਥਲਾ ਜ਼ਿਲ੍ਹਾ ਕਪੂਰਥਲਾ ਹਨ ਤੇ ਪੰਚਾਇਤਾਂ ਵਿੱਚ ਰਾਏਖਾਨਾ (ਬਠਿੰਡਾ), ਰੋਹਲੇ (ਲੁਧਿਆਣਾ), ਨੰਗਲ ਗੜ੍ਹੀਆਂ (ਐਸ ਏ ਐਸ ਨਗਰ), ਭੁਟਾਲ ਕਲਾਂ (ਸੰਗਰੂਰ), ਨੂਰਪੁਰ ਜੱਟਾਂ (ਕਪੂਰਥਲਾ), ਤਲਵੰਡੀ ਸੰਘੇੜਾ (ਜਲੰਧਰ) ਅਤੇ ਦਬੁਰਜੀ (ਹੁਸ਼ਿਆਰਪੁਰ) ਸ਼ਾਮਲ ਹਨ। ਜੇਤੂ ਜ਼ਿਲਾ ਪ੍ਰੀਸ਼ਦ ਨੂੰ ਪੰਜਾਹ ਲੱਖ ਰੁਪਏ, ਪੰਚਾਇਤ ਸੰਮਤੀਆਂ ਨੂੰ 25 ਲੱਖ ਰੁਪਏ, ਗ੍ਰਾਮ ਸਭਾ ਨੂੰ 10 ਲੱਖ ਰੁਪਏ, ਗ੍ਰਾਮ ਪੰਚਾਇਤਾਂ ਨੂੰ 5-5 ਲੱਖ ਰੁਪਏ ਤੋਂ ਇਲਾਵਾ ਹੋਰ ਕੰਮਾਂ ਲਈ ਤਿੰਨ ਲੱਖ ਰੁਪਏ ਵਾਧੂ ਦਿੱਤੇ ਜਾਂਦੇ ਹਨ।




# ਸਾਬਕਾ ਜੱਜ ਜਸਬੀਰ ਸਿੰਘ ਵਲੋਂ 'ਜ਼ਿਲਾ ਇੰਨਵਾਇਰਮੈਂਟ ਪਲਾਨ' ਦਾ ਰੀਵਿਊ

### *ਅਧਿਕਾਰੀਆਂ ਨਾਲ ਮੀਟਿੰਗ ਵਿਚ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇੱਕਜੁੱਟਤਾ ਨਾਲ ਹੰਭਲਾ ਮਾਰਨ ਦੀ ਲੋੜ 'ਤੇ ਦਿੱਤਾ ਜੋਰ

ਪਠਾਨਕੋਟ, 26 ਅਪ੍ਰੈਲ (ਰਾਜਿੰਦਰ ਸਿੰਘ ਰਾਜਨ)- ਮਾਣਯੋਗ ਜਸਟਿਸ ਜਸਬੀਰ ਸਿੰਘ (ਸਾਬਕਾ ਜੱਜ), ਪੰਜਾਬ ਅਤੇ ਹਰਿਆਣਾ ਹਾਈਕੋਰਟ. ਚੰਡੀਗੜ੍ਹ, ਮੌਜੂਦਾ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਦੀ ਪ੍ਰਧਾਨਗੀ ਹੇਠ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿਖੇ 'ਜ਼ਿਲ੍ਹਾ ਇੰਨਵਾਇਰਮੈਂਟ ਪਲਾਨ' ਦਾ ਰੀਵਿਊ ਕਰਨ ਲਈ ਮੀਟਿੰਗ ਕੀਤੀ ਗਈ। ਜਿਸ ਵਿਚ ਸਾਬਕਾ ਚੀਫ ਸੈਕਰਟਰੀ ਪੰਜਾਬ ਸ੍ਰੀ ਸੁਬੋਧ ਅਗਰਵਾਲ ਮੈਂਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਸਾਬਕਾ ਮੈਂਬਰ ਸੈਕਟਰੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸ੍ਰੀ ਬਾਬੂ ਰਾਮ ਟੈਕਨੀਕਲ ਐਕਸਪਰਟ ਅਤੇ ਮੈਂਬਰ ਐਨ.ਜੀ.ਟੀ ਮੋਨਟਰਿੰਗ ਕਮੇਟੀ, ਸ ਹਰਬੀਰ ਸਿਘ ਡਿਪਟੀ ਕਮਿਸ਼ਨਰ ਪਠਾਨਕੋਟ, ਸੁਭਾਸ ਚੰਦਰ ਵਧੀਕ ਡਿਪਟੀ ਕਮਿਸ਼ਨਰ (ਜ),ਗੁਰਸਿਮ-ਰਨ ਸਿੰਘ ਢਿੱਲੋਂ ਐਸ.ਡੀ.ਐਮ. ਪਠਾਨਕੋਟ, ਸੁਮਿਤ ਮੂਧ ਐਸ.ਡੀ.ਐਮ. ਧਾਰ ਕਲ੍ਹਾ, ਸਮੇਤ ਵੱਖ-ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ।


ਜਸਟਿਸ ਜਸਬੀਰ ਸਿੰਘ (ਸਾਬਕਾ ਜੱਜ), ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋਂ ਅਧਿਕਾਰੀਆਂ ਨਾਲ ਮੀਟਿੰਗ ਦੇ ਦੌਰਾਨ।

ਮੀਟਿੰਗ ਦੌਰਾਨ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਮਾਣਯੋਗ ਜਸਟਿਸ ਜਸਬੀਰ ਸਿੰਘ ਵਲੋਂ 'ਜ਼ਿਲਾ ਇੰਨਵਾਇਰਮੈਂਟ ਪਲਾਨ' ਦੇ ਸਬੰਧ ਵਿਚ ਸੋਲਡ ਵੇਸਟ ਮੈਨੇਟਜੇਮੈਂਟ, ਵੇਸਟ ਵਾਟਰ, ਸੀਵਰੇਜ ਪਲਾਨ, ਮਾਈਨਿੰਗ ਤੇ ਇੰਡਸਟਰੀ ਆਦਿ ਦੇ ਸਬੰਧ ਵਿੱਚ ਕੀਤੇ ਗਏ ਕੰਮਾਂ ਦਾ ਰਿਵੀਊ ਕੀਤਾ ਗਿਆ ਤੇ ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਸ਼ਚਿਤ ਕੀਤੇ ਗਏ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨਾਂ ਜਿਲੇ ਅੰਦਰ ਡਰੇਨਜ਼, ਪਿੰਡਾਂ ਅੰਦਰ ਛੱਪੜਾਂ ਆਦਿ ਸਬੰਧੀ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਲਈ ਅਤੇ ਕਿਹਾ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਅੰਦਰ ਮੀਂਹ ਦੇ ਪਾਣੀ ਦੇ ਸੰਭਾਲ ਲਈ ਤੇਜ਼ੀ ਨਾਲ ਯਤਨ ਕੀਤੇ ਜਾਣ। ਉਨਾਂ ਸੀਵਰੇਜ ਪਾਣੀ ਨੂੰ ਮੁੜ ਵਰਤੋਂ ਯੋਗ ਬਣਾਉਣ ਲਈ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਸੀਵਰੇਜ ਪਾਣੀ ਦੇ ਟਰੀਟਮੈਂਟ ਵਿਚ ਹੋਰ ਤੇਜੀ ਨਾਲ ਕੰਮ ਕੀਤਾ ਜਾਵੇ।

ਮਾਣਯੋਗ ਜਸਟਿਸ ਜਸਬੀਰ ਸਿੰਘ ਨੇ ਅੱਗੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾਵੇ ਅਤੇ ਪਾਣੀ ਦੀ ਸਾਂਭ ਸੰਭਾਲ ਠੋਸ ਉਪਰਾਲੇ ਕੀਤੇ ਜਾਣ। ਉਨਾਂ ਕਿਹਾ ਕਿ ਭਵਿੱਖ ਦੀ ਲੋੜ ਨੂੰ ਸਮਝਿਦਆਂ ਸਾਰਿਆਂ ਨੂੰ ਇੱਕਜੁੱਟ ਹੋ ਕੇ ਵਾਤਾਵਰਣ ਦੀ ਸੰਭਾਲ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਵਾਤਾਵਰਣ ਪ੍ਰਦੂਸ਼ਣ, ਬਹੁਤ ਗੰਭੀਰ ਵਿਸ਼ਾ ਹੈ ਤੇ ਇਸ ਪ੍ਰਤੀ ਬਹੁਤ ਚਿੰਤੰਨ ਤੇ ਸੰਜੀਦਾ ਹੋਣ ਦੀ ਲੋੜ ਹੈ। ਉਨਾਂ ਕਿਹਾ ਕਿ ਆਪਣੀ ਪੀੜੀ ਦੇ ਉੱਜਵਲ ਭਵਿੱਖ ਲਈ ਸਾਨੂੰ ਪਾਣੀ, ਹਵਾ ਤੇ ਖ਼ੁਰਾਕ ਦੀ ਸ਼ੁੱਧਤਾ ਲਈ ਅੱਗੇ ਹੋ ਕੇ ਕੰਮ ਕਰਨ ਦੀ ਲੋੜ ਹੈ। ਉਨਾਂ ਕਿਹਾ ਕਿ ਇਹ ਸਰਬੱਤ ਦੇ ਭਲੇ ਵਾਲਾ ਕਾਰਜ ਹੈ ਅਤੇ ਸਾਰਿਆਂ ਨੂੰ ਇੱਕਜੁੱਟਤਾ ਨਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹੰਭਲਾ ਮਾਰਨਾ ਚਾਹੀਦਾ ਹੈ।

ਇਸ ਮੌਕੇ ਸ. ਹਰਬੀਰ ਸਿੰਘ ਡਿਪਟੀ ਕਮਿਸ਼ਨਰ ਨੇ ਚੇਅਰਮੈਨ ਆਫ ਮੋਨਟਰਿੰਗ ਕਮੇਟੀ, ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲਾ ਪ੍ਰਸ਼ਾਸਨ, ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਿਰਤੋੜ ਯਤਨ ਕਰੇਗਾ ਅਤੇ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ।

ਤੀਰਅੰਦਾਜ਼ੀ ਵਿਸ਼ਵ ਕੱਪ:

# ਰਾਏ ਤੇ ਰਿਧੀ ਨੇ ਪਹਿਲੀ ਵਾਰ ਸੋਨ ਤਮਗ਼ਾ ਜਿੱਤਿਆ



ਅੰਤਾਲਯਾ, 26 ਅਪ੍ਰੈਲ (ਪੋਸਟ ਬਿਊਰੋ)- ਭਾਰਤ ਨੇ ਤੀਰਅੰਦਾਜ਼ੀ ਵਿਸ਼ਵ ਕੱਪ ਗੇੜ-1 ਵਿੱਚ ਦੂਸਰਾ ਸੋਨ ਤਮਗਾ ਜਿੱਤਿਆ, ਜਦੋਂ ਕੱਲ੍ਹ ਇੱਥੇ ਤਰੁਣਦੀਪ ਰਾਏ ਅਤੇ ਰਿਧੀ ਫੋਰ ਦੀ ਮਿਕਸਡ ਟੀਮ ਨੇ ਪੰਛਤਨ ਪਿੱਛੋਂ ਵਾਪਸੀ ਕਰਦੇ ਹੋਏ ਸ਼ੂਟਆਊਟ ਵਿੱਚ ਗ੍ਰੇਟ ਬ੍ਰਿਟੇਨ ਨੂੰ ਹਰਾਇਆ।

ਪਹਿਲੀ ਵਾਰ ਜੋੜੀ ਬਣਾ ਕੇ ਖੇਡ ਰਹੇ ਦੋ ਵਾਰ ਦੇ ਉਲੰਪੀਅਨ ਰਾਏ ਅਤੇ ਰਿਧੀ ਪਹਿਲਾਂ 0-2 ਨਾਲ ਅਤੇ ਫਿਰ 2-4 ਨਾਲ ਪੱਛੜ ਰਹੇ ਸਨ। ਇਸ ਭਾਰਤੀ ਜੋੜੀ ਨੇ ਸੰਜਮ ਰੱਖਦੇ ਹੋਏ 5-4(35-37, 36-33, 39-40, 38-37, 18-17) ਨਾਲ ਜਿੱਤ ਦਰਜ ਕੀਤੀ। ਭਾਰਤ ਨੇ ਇਸ ਤਰ੍ਹਾਂ ਕੈਲੰਡਰ ਸਾਲ ਦੇ ਪਹਿਲੇ ਟੂਰਨਾਮੈਂਟ ਵਿੱਚ ਆਪਣੀ ਮੁਹਿੰਮ ਦਾ ਅੰਤ ਦੋ ਸੋਨ ਤਮਗਿਆਂ ਨਾਲ ਕੀਤਾ। ਕੱਲ੍ਹ ਅਭਿਸ਼ੇਕ ਵਰਮਾ, ਰਜਤ ਚੌਹਾਨ ਅਤੇ ਅਮਨ ਸੈਣੀ ਦੀ ਕੰਪਾਊਂਡ ਪੁਰਸ਼ ਟੀਮ ਨੇ ਸੋਨ ਤਮਗਾ ਜਿੱਤਿਆ ਸੀ। ਗਵਾਂਗਝੂ ਏਸ਼ੀਆਈ ਖੇਡਾਂ 2019 ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੇ 38 ਸਾਲ ਦੇ ਰਾਏ ਦਾ ਵਿਸ਼ਵ ਕੱਪ ਵਿੱਚ ਪਹਿਲਾ ਮਿਕਸਡ ਟੀਮ ਤਮਗਾ ਹੈ ਜਦਕਿ 17 ਸਾਲਾ ਰਿਧੀ ਦਾ ਇਹ ਵਿਸ਼ਵ ਕੱਪ ਵਿੱਚ ਪਹਿਲਾ ਤਮਗਾ ਹੈ। ਇਸ ਤੋਂ ਭਵਿੱਖ ਵਿੱਚ ਵੀ ਆਸਾਂ ਹੋ ਸਕਦੀਆਂ ਹਨ।

# ਭਾਰਤ ਵੱਲੋਂ ਪਾਕਿ ਦੇ ਛੇ ਯੂ-ਟਿਊਬ ਚੈਨਲਾਂ ਸਮੇਤ 16 ਚੈਨਲ ਬਲਾਕ

ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਸਰਕਾਰ ਨੇ ਕੱਲ੍ਹ ਭਾਰਤ ਦੀ ਰਾਸ਼ਟਰੀ ਸੁਰੱਖਿਆ, ਵਿਦੇਸ਼ੀ ਸੰਬੰਧਾਂ ਅਤੇ ਜਨਤਕ ਵਿਵਸਥਾ ਨਾਲ ਜੁੜੀਆਂ ਗਲਤ ਸੂਚਨਾਵਾਂ ਫੈਲਾਉਣ ਦੇ ਦੋਸ਼ ਵਿੱਚ 16 ਯੂ-ਟਿਊਬ ਚੈਨਲ ਬਲਾਕ ਕਰ ਦਿੱਤੇ ਹਨ। ਇਨ੍ਹਾਂ ਵਿੱਚ ਪਾਕਿਸਤਾਨ ਤੋਂ ਚਲਾਏ ਜਾਂਦੇ ਛੇ ਯੂ-ਟਿਊਬ ਚੈਨਲ ਅਤੇ ਇੱਕ ਫੇਸਬੁਕ ਅਕਾਊਂਟ ਸ਼ਾਮਲ ਹੈ। ਕਿਹਾ ਗਿਆ ਹੈ ਕਿ ਇਨ੍ਹਾਂ ਚੈਨਲਾਂ ਦੇ ਦਰਸ਼ਕਾਂ ਦੀ ਗਿਣਤੀ 66 ਕਰੋੜ ਤੋਂ ਵੱਧ ਹੈ।

ਇਹ ਕਾਰਵਾਈ ਸੂਚਨਾ ਪ੍ਰਸਾਰਨ ਮੰਤਰਾਲੇ ਨੇ 2021 ਦੇ ਆਈ ਟੀ ਨਿਯਮਾਂ ਤਹਿਤ ਕੀਤੀ ਹੈ। ਮੰਤਰਾਲੇ ਨੇ ਬਿਆਨ ਵਿੱਚ ਕਿਹਾ ਹੈ ਕਿ ਬਲਾਕ ਕੀਤੇ ਯੂ-ਟਿਊਬ ਚੈਨਲਾਂ ਅਤੇ ਫੇਸਬੁਕ ਅਕਾਊਂਟਾਂ ਤੋਂ ਝੂਠੀਆਂ, ਗੈਰ ਤਸਦੀਕਸ਼ੁਦਾ ਸੂਚਨਾਵਾਂ ਫੈਲਾ ਕੇ ਫਿਰਕੂ ਵਿਤਕਰੇ ਭੜਕਾਉਣ, ਦਹਿਸ਼ਤ ਪੈਦਾ ਕਰਨ ਅਤੇ ਭਾਰਤ ਦੇ ਸਿਸਟਮ ਵਿੱਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਵਿਦੇਸ਼ ਮੰਤਰਾਲੇ ਮੁਤਾਬਕ ਬਲਾਕ ਕੀਤੇ ਪਾਕਿਸਤਾਨੀ ਯੂ-ਟਿਊਬ ਚੈਨਲ ਜੰਮੂ-ਕਸ਼ਮੀਰ, ਭਾਰਤੀ ਫੌਜਾਂ ਅਤੇ ਯੂਕਰੇਨ ਦੇ ਹਾਲਾਤ ਵਰਗੇ ਵਿਸ਼ਿਆਂ ਉੱਤੇ ਫਰਜ਼ੀ ਸੂਚਨਾ ਫੈਲਾ ਰਹੇ ਸਨ। ਇਨ੍ਹਾਂ ਵਿੱਚ ਕੁਝ ਅਜਿਹੀਆਂ ਗੁੰਮਰਾਹਕੁੰਨ ਤੇ ਝੂਠੀਆਂ ਖ਼ਬਰਾਂ ਨਾਲ ਭਾਰਤ ਦੇ ਕਈ ਦੂਜੇ ਦੇਸ਼ਾਂ ਨਾਲ ਰਿਸ਼ਤਿਆਂ ਉੱਤੇ ਵੀ ਮਾੜਾ ਅਸਰ ਪੈ ਸਕਦਾ ਸੀ। ਮੰਤਰਾਲੇ ਨੇ ਨਿੱਜੀ ਟੈਲੀਵਿਜ਼ਨ ਨਿਊਜ਼ ਚੈਨਲਾਂ ਨੂੰ ਇੱਕ ਐਡਵਾਈਜ਼ਰੀ ਜਾਰੀ ਕੀਤੀ ਸੀ।

# ਭਾਰਤ ਅਤੇ ਯੂਰਪੀ ਯੂਨੀਅਨ ਵੱਲੋਂ ਵਪਾਰ ਅਤੇ ਤਕਨੀਕੀ ਕੌਂਸਲ ਦੀ ਸਥਾਪਨਾ ਦਾ ਫ਼ੈਸਲਾ



ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਨੇ ਤੇਜ਼ੀ ਨਾਲ ਬਦਲਦੀ ਭੂਗੋਲਿਕ ਰਾਜਨੀਤਕ ਸਥਿਤੀ ਦੇ ਦ੍ਰਿਸ਼ਟੀਕੋਣ ਵਿੱਚ ਭਰੋਸੇਯੋਗ ਤਕਨੀਕੀ ਤੇ ਸੁਰੱਖਿਆ ਯਕੀਨੀ ਬਣਾਉਣ ਬਾਰੇ ਚੁਣੌਤੀਆਂ ਦੇ ਹੱਲ ਲਈ ਯੂਰਪੀ ਯੂਨੀਅਨ-ਭਾਰਤ ਵਪਾਰ ਅਤੇ ਤਕਨੀਕ ਕੌਂਸਲ ਦੀ ਸ਼ੁਰੂਆਤ ਕਰਨ ਬਾਰੇ ਕੱਲ੍ਹ ਸਹਿਮਤੀ ਪ੍ਰਗਟਾਈ। ਇਹ ਫ਼ੈਸਲਾ ਮੋਦੀ ਅਤੇ ਵਾਨ ਡੇਰ ਲੇਯੇਨ ਵਿਚਾਲੇ ਹੋਈ ਗੱਲਬਾਤ ਦੌਰਾਨ ਲਿਆ ਗਿਆ, ਜਿਸ ਦਾ ਦੋਵਾਂ ਧਿਰਾਂ ਨੂੰ ਲਾਭ ਹੋ ਸਕਦਾ ਹੈ।

ਯੂਰਪੀ ਯੂਨੀਅਨ ਨੇ ਕਿਹਾ ਕਿ ਰਣਨੀਤਕ ਸਹਿਯੋਗ ਨਾਲ ਦੋਵੇਂ ਸਾਂਝੇਦਾਰਾਂ ਨੂੰ ਵਪਾਰ ਦੇ ਗੱਠਜੋੜ, ਭਰੋਸੇਯੋਗ 'ਤਕਨੀਕੀ ਅਤੇ ਸੁਰੱਖਿਆ' ਸਬੰਧੀ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਮਜ਼ਬੂਤੀ ਮਿਲੇਗੀ ਤੇ ਨਾਲ ਹੀ ਇਨ੍ਹਾਂ ਖੇਤਰਾਂ ਵਿੱਚ ਦੋਵਾਂ ਧਿਰਾਂ ਵਿੱਚ ਸਹਿਯੋਗ ਮਜ਼ਬੂਤ ਹੋਵੇਗਾ। ਈ ਯੂ ਨੇ ਕਿਹਾ ਕਿ ਦੋਵੇਂ ਧਿਰਾਂ ਇਸ ਗੱਲ ਉੱਤੇ ਸਹਿਮਤ ਹੋਈਆਂ ਕਿ ਤੇਜ਼ੀ ਨਾਲ ਬਦਲਦੇ ਭੂ-ਰਾਜਨੀਤਕ ਮਾਹੌਲ ਦੇ ਮੱਦੇਨਜ਼ਰ ਸਾਂਝੇ ਤੇ ਵਿਸਤ੍ਰਿਤ ਰਣਨੀਤਕ ਸਹਿਯੋਗ ਦੀ ਲੋੜ ਹੈ। ਈ ਯੂ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਪਾਰ ਤੇ ਤਕਨੀਕੀ ਕੌਂਸਲ ਰਾਜਨੀਤਕ ਮਾਰਗ ਦੇ ਨਾਲ ਰਾਜਨੀਤਕ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਇੱਕ ਜ਼ਰੂਰੀ ਢਾਂਚਾ ਪ੍ਰਦਾਨ ਕਰੇਗਾ।

## ਐਲਾਨ ਮਸਕ ਨੇ 44 ਬਿਲੀਅਨ ਡਾਲਰ ਵਿੱਚ ਟਵਿੱਟਰ ਖਰੀਦਿਆ

ਸੇਨ ਫ੍ਰਾਂਸਿਸਕੋ, 26 ਅਪ੍ਰੈਲ (ਪੋਸਟ ਬਿਊਰੋ)- ਟੈਸਲਾ ਕੰਪਨੀ ਦੇ ਮਾਲਕ ਅਰਬਪਤੀ ਐਲਾਨ ਮਸਕ ਨੇ 44 ਅਰਬ ਡਾਲਰ ਵਿੱਚ ਟਵਿੱਟਰ ਐਕਵਾਇਰ ਕਰਨ ਦਾ ਸਮਝੌਤਾ ਕੀਤਾ ਹੈ। ਕੰਪਨੀ ਨੇ ਇਹ ਜਾਣਕਾਰੀ ਦਿੱਤੀ ਹੈ। ਮਸਕ ਨੇ 14 ਅਪ੍ਰੈਲ ਨੂੰ ਟਵਿੱਟਰ ਨੂੰ ਖਰੀਦਣ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਇਹ ਨਹੀਂ ਦੱਸਿਆ ਸੀ ਕਿ ਉਹ ਐਕਵਾਇਰ ਕਰਨ ਲਈ ਫੰਡ ਕਿਵੇਂ ਇਕੱਠਾ ਕਰਨਗੇ। ਮਸਕ ਨੇ ਕਿਹਾ ਸੀ ਕਿ ਉਹ ਟਵਿੱਟਰ ਨੂੰ ਇਸ ਲਈ ਖਰੀਦਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਹ ਆਜ਼ਾਦ ਮੰਚ ਦੇ ਰੂਪ ਵਿੱਚ ਆਪਣੀ ਸਮਰੱਥਾ ਉੱਤੇ ਖਰਾ ਉਤਰ ਰਿਹਾ ਹੈ। ਟਵਿੱਟਰ ਨੇ ਕਿਹਾ ਕਿ ਐਕਵਾਇਰ ਪ੍ਰਕਿਰਿਆ ਪੂਰੀ ਹੋਣ ਨਾਲ ਇਹ ਨਿੱਜੀ ਮਾਲਕੀ ਵਾਲੀ ਕੰਪਨੀ ਬਣ ਜਾਵੇਗਾ। ਟਵਿੱਟਰ ਦੇ ਸੀ ਈ ਓ ਪਾਰਗ ਅਗਰਵਾਲ ਨੇ ਟਵੀਟ ਕਰ ਕੇ ਕਿਹਾ, "ਟਵਿੱਟਰ ਦਾ ਇੱਕ ਉਦੇਸ਼ ਹੈ, ਜੋ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦਾ ਹੈ। ਸਾਡੀ ਟੀਮ ਤੇ ਉਸ ਦੇ ਕੰਮ ਉੱਤੇ ਮਾਣ ਹੈ।"

# ਇਸਰਾਈਲੀ ਟੈਂਕਾਂ ਨੇ ਲਿਬਨਾਨ ਨੂੰ ਨਿਸ਼ਾਨਾ ਬਣਾਇਆ



ਯੇਰੋਸ਼ਲਮ, 26 ਅਪ੍ਰੈਲ (ਪੋਸਟ ਬਿਊਰੋ)- ਇਸਰਾਈਲ ਦੇ ਟੈਂਕਾਂ ਨੇ ਕੱਲ੍ਹ ਲਿਬਨਾਨ ਦੇ ਦੱਖਣੀ ਖੇਤਰ ਨੂੰ ਨਿਸ਼ਾਨਾ ਬਣਾਇਆ ਹੈ। ਇਸ ਤੋਂ ਪਹਿਲਾਂ ਲਿਬਨਾਨ ਵਿੱਚੋਂ ਇਸਰਾਈਲ ਵੱਲ ਰਾਕੇਟ ਦਾਗੇ ਗਏ ਸਨ।

ਵਰਨਣ ਯੋਗ ਹੈ ਕਿ ਇਸਰਾਈਲ ਤੇ ਫਲਸਤੀਨ ਵਿਚਾਲੇ ਟਕਰਾਅ ਵਧਿਆ ਹੋਇਆ ਹੈ। ਇਸਰਾਈਲ ਨੇ ਆਪਣੇ ਕਬਜ਼ੇ ਵਾਲੇ ਪੱਛਮੀ ਕੰਢੇ ਵਿੱਚ ਗ੍ਰਿਫਤਾਰੀਆਂ ਵੀ ਕੀਤੀਆਂ ਹਨ। ਹਮਾਸ ਦੇ ਕਬਜ਼ੇ ਵਾਲੀ ਗਾਜ਼ਾ ਪੱਟੀ ਤੋਂ ਇਸਰਾਈਲ ਵੱਲ ਰਾਕੇਟ ਸੁੱਟੇ ਗਏ ਸਨ। ਪਿਛਲੇ ਸਾਲ ਇਸਰਾਈਲ ਤੇ ਹਮਾਸ ਵਿਚਾਲੇ 11 ਦਿਨ ਤਕ ਜੰਗ ਲੱਗੀ ਰਹੀ ਸੀ। ਇਸ ਵਾਰ ਇਸਰਾਈਲੀ ਫੌਜ ਨੇ ਕਿਹਾ ਕਿ ਰਾਕੇਟ ਖੁੱਲ੍ਹੇ ਇਲਾਕੇ ਵਿੱਚ ਡਿੱਗਿਆ ਹੈ ਤੇ ਇਸ ਨਾਲ ਨੁਕਸਾਨ ਨਹੀਂ ਹੋਇਆ। ਇਸ ਹਮਲੇ ਦੀ ਹਾਲੇ ਤਕ ਕਿਸੇ ਨੇ ਜ਼ਿੰਮੇਵਾਰੀ ਨਹੀਂ ਲਈ, ਪਰ ਫੌਜ ਦੇ ਬੁਲਾਰੇ ਨੇ ਕਿਹਾ ਕਿ ਰਾਕੇਟ ਲਿਬਨਾਨ ਵਿੱਚੋਂ ਫਲਸਤੀਨੀ ਅੱਤਵਾਦੀਆਂ ਨੇ ਦਾਗਿਆ ਹੈ। ਇਸਰਾਈਲ ਨੇ ਕਿਹਾ ਕਿ ਉਹ ਫਲਸਤੀਨੀ ਧੜਿਆਂ, ਹਮਾਸ ਅਤੇ ਹੇਜ਼ਬੁੱਲ੍ਹ ਵਿਰੁੱਧ ਜਵਾਬੀ ਕਾਰਵਾਈ ਕਰਦੇ ਰਹਿਣਗੇ ਤੇ ਕਿਸੇ ਵੀ ਹਾਲਤ ਵਿੱਚ ਦੇਸ਼ ਦੀ ਅਖੰਡਤਾ ਭੰਗ ਨਹੀਂ ਹੋਣ ਦੇਣਗੇ।

# ਚੀਨ-ਸੋਲੋਮਨ ਸਮਝੌਤੇ ਕਾਰਨ ਜਾਪਾਨ ਦੀ ਚਿੰਤਾ ਵਧੀ



ਟੋਕੀਉ, 26 ਅਪ੍ਰੈਲ (ਪੋਸਟ ਬਿਊਰੋ)- ਸੋਲੋਮਨ ਟਾਪੂ ਨਾਲ ਚੀਨ ਦੇ ਤਾਜ਼ਾ ਸਮਝੌਤੇ ਤੋਂ ਪੈਦਾ ਹੋਈ ਚਿੰਤਾ ਦੌਰਾਨ ਜਾਪਾਨ ਇਸ ਦੱਖਣੀ ਪ੍ਰਸ਼ਾਂਤ ਰਾਸ਼ਟਰ ਵਿੱਚ ਆਪਣੇ ਇੱਕ ਉਪ ਵਿਦੇਸ਼ ਮੰਤਰੀ ਨੂੰ ਭੇਜ ਰਿਹਾ ਹੈ।

ਸ਼ੱਕ ਹੈ ਕਿ ਇਸ ਟਾਪੂ ਵਾਲੇ ਦੇਸ਼ ਤੇ ਚੀਨ ਵਿਚਾਲੇ ਹੋਏ ਸਮਝੌਤੇ ਨਾਲ ਖੇਤਰ ਵਿੱਚ ਬੀਜਿੰਗ ਦਾ ਫ਼ੌਜੀ ਪ੍ਰਭਾਵ ਹੋਰ ਵਧ ਸਕਦਾ ਹੈ।ਉਪ ਵਿਦੇਸ਼ ਮੰਤਰੀ ਕੇਂਟਾਰੋ ਉਸੁਗੀ ਦੀ ਸੋਲੋਮਨ ਟਾਪੂ ਦੀ ਤਿੰਨ ਰੋਜ਼ਾ ਯਾਤਰਾ ਇੱਕ ਸੀਨੀਅਰ ਅਮਰੀਕੀ ਵਫ਼ਦ ਦੀ ਯਾਤਰਾ ਤੋਂ ਬਾਅਦ ਹੋ ਰਹੀ ਹੈ, ਜਿਨ੍ਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਚੀਨ ਦੇ ਨਾਲ ਸੁਰੱਖਿਆ ਸੌਦਾ ਅਮਰੀਕਾ ਤੇ ਸਹਿਯੋਗੀਆਂ ਦੇ ਹਿਤਾਂ ਲਈ ਖਤਰਾ ਪੈਦਾ ਕੀਤਾ ਤਾਂ ਵਾਸ਼ਿੰਗਟਨ ਦੱਖਣੀ ਪ੍ਰਸ਼ਾਂਤ ਰਾਸ਼ਟਰ ਵਿਰੁੱਧ ਅਣ-ਨਿਰਧਾਰਤ ਕਾਰਵਾਈ ਕਰੇਗਾ। ਚੀਨ ਅਤੇ ਸੋਲੋਮਨ ਨੇ ਪਿਛਲੇ ਹਫ਼ਤੇ ਸੁਰੱਖਿਆ ਸਮਝੌਤੇ ਦੀ ਪੁਸ਼ਟੀ ਕੀਤੀ ਸੀ, ਜਿਸ ਨੇ ਗੁਆਂਢੀ ਦੇਸ਼ਾਂ ਤੇ ਜਾਪਾਨ ਸਮੇਤ ਪੱਛਮੀ ਸਹਿਯੋਗੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ ਜਿਨ੍ਹਾਂ ਨੂੰ ਇਸ ਖੇਤਰ ਵਿੱਚ ਫ਼ੌਜੀ ਨਿਰਮਾਣ ਦਾ ਡਰ ਹੈ। ਵਿਦੇਸ਼ੀ ਮੰਤਰੀ ਯੋਸ਼ੀਮਾਸਾ ਹਯਾਸ਼ੀ ਨੇ ਕਿਹਾ,'ਸਾਡਾ ਮੰਨਣਾ ਹੈ ਕਿ ਇਹ ਸਮਝੌਤਾ ਪੂਰੇ ਏਸ਼ੀਆ ਪ੍ਰਸ਼ਾਂਤ ਖੇਤਰ ਦੀ ਸੁਰੱਖਿਆ ਨੂੰ ਪ੍ਰਭਾਵਤ ਕਰ ਸਕਦਾ ਹੈ ਤੇ ਅਸੀਂ ਇਸ ਘਟਨਾਕ੍ਰਮ ਨੂੰ ਚਿੰਤਾ ਨਾਲ ਦੇਖ ਰਹੇ ਹਾਂ।' ਸੋਲੋਮਨ ਟਾਪੂ ਦੀ ਆਪਣੀ ਯਾਤਰਾ ਦੇ ਦੌਰਾਨ ਉਸੁਗੀ ਨੇ ਸੁਰੱਖਿਆ ਸਮਝੌਤੇ ਬਾਰੇ ਜਾਪਾਨ ਦੀ ਚਿੰਤਾ ਪ੍ਰਗਟਾਈ ਹੈ ਤੇ ਉਸ ਨੂੰ ਦੋ ਪੱਖੀ ਤੇ ਖੇਤਰੀ ਮੁੱਦਿਆਂ ਉੱਤੇ ਚਰਚਾ ਕਰਨ ਦੀ ਉਮੀਦ ਹੈ।

## ਸ਼ਿਵ ਸੈਨਾ ਦਾ ਭਾਜਪਾ ਉੱਤੇ ਨਿਸ਼ਾਨਾ, ਹਿੰਦੂਤਵ ਇੱਕ ਸਭਿਆਚਾਰ ਹੈ, ਅਰਾਜਕਤਾ ਨਹੀਂ

ਮੁੰਬਈ, 26 ਅਪ੍ਰੈਲ (ਪੋਸਟ ਬਿਊਰੋ)- ਮਹਾਂਰਾਸ਼ਟਰ ਵਿੱਚ ਹਨੂੰਮਾਨ ਚਾਲੀਸਾ ਦੇ ਪਾਠ ਤੋਂ ਭਖੇ ਰਾਜਨੀਤਕ ਮਾਮਲੇ ਵਿੱਚ ਸ਼ਿਵਸੈਨਾ ਨੇ ਕੱਲ੍ਹ ਭਾਰਤੀ ਜਨਤਾ ਪਾਰਟੀ ਉੱਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਹਿੰਦੂਤਵ ਵਿਚਾਰਧਾਰਾ ਇੱਕ ਸਭਿਆਚਾਰਹੈ, ਅਰਾਜਕਤਾ ਨਹੀਂ। ਸ਼ਿਵਸੈਨਾ ਨੇ ਆਪਣੇ ਪੱਤਰ 'ਸਾਮਨਾ' ਦੀ ਸੰਪਾਦਕੀ ਵਿੱਚ ਦਾਅਵਾ ਕੀਤਾ ਕਿ ਆਜ਼ਾਦ ਐੱਮ ਪੀ ਨਵਨੀਤ ਰਾਣਾ ਅਤੇ ਉਸ ਦੇ ਪਤੀ ਵਿਧਾਇਕ ਰਵੀ ਰਾਣਾ ਨੇ ਜੋ ਕੁਝ ਵੀ ਕੀਤਾ, ਉਸ ਪਿੱਛੇ ਭਾਜਪਾ ਦਾ ਹੱਥ ਹੈ। ਇਹ ਇੱਕ ਤਰ੍ਹਾਂ ਦਾ ਸਿੱਧਾ ਸਿਆਸੀ ਹਮਲਾ ਹੈ।

ਵਰਨਣ ਯੋਗ ਹੈ ਕਿ ਰਾਣਾ ਜੋੜੇ ਨੂੰ ਪਰਸੋਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਦੀ ਰਿਹਾਇਸ਼ 'ਮਾਤੋਸ਼੍ਰੀ' ਦੇ ਬਾਹਰ ਹਨੂੰਮਾਨ ਚਾਲੀਸਾ ਦਾ ਪਾਠ ਕਰਨ ਦੀ ਗੱਲ ਕੀਤੀ, ਜਿਸ ਨਾਲ ਸ਼ਿਵਸੈਨਾ ਦੇ ਕਾਰਕੁੰਨ ਭੜਕ ਗਏ ਤੇ ਉਨ੍ਹ ਰਾਣਾ ਜੋੜੇ ਦੇ ਘਰ ਅੱਗੇ ਪ੍ਰਦਰਸ਼ਨ ਕੀਤਾ ਸੀ। 'ਸਾਮਨਾ' ਵਿੱਚ ਦੋਸ਼ ਲਾਇਆ ਗਿਆ ਹੈ ਕਿ ਨਵਨੀਤ ਰਾਣਾ ਤੇ ਉਸਦਾ ਪਤੀ ਸ਼ਹਿਰ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੂੰ ਇਹ ਲੋਕ ਸਭਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਫਤਰ ਵਿੱਚ ਕਰਨਾ ਚਾਹੀਦਾ ਹੈ।

# ਧਾਰਾ 370 ਦੇ ਕੇਸ ਵਿੱਚ ਪਟੀਸ਼ਨਾਂ ਦੀ ਸੁਣਵਾਈ ਛੁੱਟੀਆਂ ਮੁੱਕਣ ਦੇ ਬਾਅਦ



ਨਵੀਂ ਦਿੱਲੀ, 26 ਅਪ੍ਰੈਲ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਦੇ ਫੈਸਲੇ ਦੇ ਖ਼ਿਲਾਫ਼ ਪਾਈਆਂ ਗਈਆਂ ਪਟੀਸ਼ਨਾਂ ਉੱਤੇ ਸੁਪਰੀਮ ਕੋਰਟ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸੁਣਵਾਈ ਕਰੇਗੀ।

ਇਸ ਬਾਰੇ ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਪਿੱਛੋਂ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ। ਚੀਫ ਜਸਟਿਸ ਐਨ ਵੀ ਰਾਮੰਨਾ ਦੇ ਬੈਂਚ ਨੇ ਕੱਲ੍ਹ ਇੱਥੇ ਇੱਕ ਪਟੀਸ਼ਨਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ੇਖਰ ਨਫਡੇ ਦੀ ਦਲੀਲ ਦਾ ਨੋਟਿਸ ਲਿਆ। ਵਕੀਲ ਨੇ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਚੋਣ ਹਲਕਿਆਂ ਦੀ ਮੁੜ ਹੱਦਬੰਦੀ ਕੀਤੀ ਜਾ ਰਹੀ ਹੈ। ਇਸ ਲਈ ਛੇਤੀ ਸੁਣਵਾਈ ਕੀਤੀ ਜਾਵੇ। ਚੀਫ ਜਸਟਿਸ ਨੇ ਕਿਹਾ ਕਿ ਇਹ ਪੰਜ ਜੱਜਾਂ ਦੇ ਸੁਣਨ ਵਾਲਾ ਕੇਸ ਹੈ, ਅਦਾਲਤ ਨੂੰ ਨਵਾਂ ਬੈਂਚ ਬਣਾਉਣ ਪਵੇਗਾ। ਅਦਾਲਤ ਨੇ ਬਾਅਦ ਵਿੱਚ ਬੈਂਚ ਗਠਿਤ ਕਰਨ ਅਤੇ ਸੁਣਵਾਈ ਲਈ ਸਹਿਮਤੀ ਦੇ ਦਿੱਤੀ।

ਵਰਨਣ ਯੋਗ ਹੈ ਕਿ ਧਾਰਾ 370 ਤਹਿਤ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਮਿਲਿਆ ਹੋਇਆ ਸੀ। 2019 ਵਿੱਚ ਕੇਂਦਰ ਸਰਕਾਰ ਨੇ ਧਾਰਾ 370 ਹਟਾ ਕੇ ਸੂਬੇ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਸੀ। ਸੁਪਰੀਮ ਕੋਰਟ ਵਿੱਚ ਇਸ ਦੀ ਸੁਣਵਾਈ ਸੱਤ ਜੱਜਾਂ ਦੇ ਬੈਂਚ ਹਵਾਲੇ ਕਰਨ ਦੀ ਮੰਗ ਰੱਖੀ ਗਈ ਸੀ ਜਿਸ ਨੂੰ ਪੰਜ ਜੱਜਾਂ ਦੇ ਬੈਂਚ ਨੇ ਠੁਕਰਾ ਦਿੱਤਾ ਸੀ।

# ਵਿਛੜੇ ਮਾਂ-ਪੁੱਤ 75 ਸਾਲਾਂ ਬਾਅਦ ਮਿਲੇ



ਸਿਡਨੀ, 26 ਅਪ੍ਰੈਲ (ਪੋਸਟ ਬਿਊਰੋ)- ਇੱਕ ਸ਼ਖਸ 75 ਸਾਲ ਬਾਅਦ ਆਪਣੇ ਪਰਵਾਰ ਨਾਲ ਮਿਲਿਆ ਤਾਂ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਹ ਅੱਠ ਸਾਲ ਦਾ ਸੀ ਜਦੋਂ ਆਪਣੇ ਮਾਤਾ-ਪਿਤਾ ਤੋਂ ਵਿਛੜ ਗਿਆ ਸੀ। ਉਹ ਸ਼ਖਸ ਇਹ ਮੰਨ ਕੇ ਜੀਅ ਰਿਹਾ ਸੀ ਕਿ ਜਾਂ ਤਾਂ ਉਹ ਯਤੀਮ ਹੈ ਜਾਂ ਮਾਤਾ-ਪਿਤਾ ਨੇ ਉਸ ਨੂੰ ਛੱਡ ਦਿੱਤਾ ਹੈ। ਉਸ ਦੀ ਮੁਲਾਕਾਤ ਆਪਣੇ ਵਿਛੜੇ ਹੋਏ ਪਰਵਾਰ ਨਾਲ ਹੋਈ ਤਾਂ ਉਸ ਨੇ ਆਪਣੀ ਹੱਡਬੀਤੀ ਦੁਨੀਆ ਨੂੰ ਦੱਸੀ ਹੈ।

ਇਸ ਸ਼ਖਸ ਦਾ ਨਾਮ ਡੇਰੀਅਨ ਰੀਸ ਹੈ। ਉਸ ਨੂੰ 'ਬਾਲ ਪ੍ਰਵਾਸੀ ਪ੍ਰੋਗਰਾਮ' ਨਾਮ ਦੀ ਯੋਜਨਾ ਹੇਠ ਅੱਠ ਸਾਲ ਦੀ ਉਮਰ ਵਿੱਚ ਬ੍ਰਿਟੇਨ ਤੋਂ ਆਸਟ੍ਰੇਲੀਆ ਭੇਜ ਦਿੱਤਾ ਗਿਆ ਸੀ। ਡੇਰੀਅਨ ਉਨ੍ਹਾਂ ਹਜ਼ਾਰਾਂ ਬ੍ਰਿਟਿਸ਼ ਬੱਚਿਆਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ 1946 ਤੋਂ 1970 ਦੇ ਦੌਰਾਨ ਹਜ਼ਾਰਾਂ ਮੀਲ ਦੂਰ ਸਾਬਕਾ ਬ੍ਰਿਟਿਸ਼ ਬਸਤੀਆਂ ਵਿੱਚ ਭੇਜਿਆ ਗਿਆ ਸੀ।ਆਸਟ੍ਰੇਲੀਆ ਵਿੱਚ ਰਹਿੰਦੇ ਹੋਏ ਜਿਵੇਂ-ਜਿਵੇਂ ਡੇਰੀਅਨ ਵੱਡਾ ਹੋਇਆ, ਉਸ ਨੂੰ ਯਕੀਨ ਹੁੰਦਾ ਗਿਆ ਕਿ ਉਹ ਯਤੀਮ ਹੈ। ਉਸਦਾ ਬਚਪਨ ਬਹੁਤ ਤਰਸਯੋਗ ਹਾਲਾਤ ਵਿੱਚ ਬੀਤਿਆ। ਡੇਰੀਅਨ ਦੀ ਦੇਖਭਾਲ ਕਰਨ ਵਾਲੇ ਲੋਕਾਂ ਨੇ ਉਸ ਦੀ ਕੁੱਟਮਾਰ ਕੀਤੀ। ਉਸ ਨਾਲ ਬੁਰਾ ਵਿਹਾਰ ਕੀਤਾ। ਇਸ ਹਾਲਾਤ ਵਿੱਚੋਂ ਲੰਘਦੇ ਹੋਏ ਡੇਰੀਅਨ ਆਪਣੇ ਪੈਰਾਂ ਉੱਤੇ ਖੜਾ ਹੋਇਆ ਅਤੇ ਆਪਣਿਆਂ ਦੀ ਤਲਾਸ਼ ਜਾਰੀ ਰੱਖੀ। ਫਿਰ ਡੇਰੀਅਨ ਦੀ ਮੁਲਾਕਾਤ ਬ੍ਰਿਟੇਨ ਵਿੱਚ ਰਹਿੰਦੀ ਉਸ ਦੀ ਭਤੀਜੀ ਏਨੀ ਨਾਲ ਹੋਈ, ਜਿਸ ਦੀ ਮਦਦ ਨਾਲ ਬਾਅਦ ਵਿੱਚ ਉਹ ਆਪਣੀ ਮਾਂ ਨੂੰ ਮਿਲਿਆ।

ਅਸਲ ਵਿੱਚ ਡੇਰੀਅਨ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਉਸ ਦਾ ਪਰਵਾਰ ਬ੍ਰਿਟੇਨ ਵਿੱਚ ਹੈ, ਕੁਝ ਸਮਾਂ ਪਹਿਲਾਂ ਉਹ ਆਪਣੀ ਪਤਨੀ ਨਾਲ ਲੰਡਨ ਗਿਆ ਸੀ, ਜਿੱਥੇ ਉਨ੍ਹਾਂ ਨੇ ਏਨੀ ਦੀ ਮਦਦ ਨਾਲ ਆਪਣੀ ਮਾਂ ਨੂੰ ਟ੍ਰੈਕ ਕੀਤਾ, ਜਿਨ੍ਹਾਂ ਦਾ ਵ੍ਹਾਈਟਚੈਪਲ ਮਾਰਕੀਟ ਵਿੱਚ ਸਟਾਲ ਸੀ। ਓਥੇ ਜਦੋਂ ਉਸ ਦੀ ਪਤਨੀ ਨੇ ਡੇਰੀਅਨ ਦੀ ਮਾਂ ਤੋਂ ਪੁੱਛਿਆ ਕਿ ਕੀ ਉਹ ਆਪਣੇ ਬੇਟੇ ਬਾਰੇ ਜਾਣਦੀ ਹੈ ਤਾਂ ਉਹ ਹੈਰਾਨ ਰਹਿ ਗਈ। ਜਦੋਂ ਡੇਰੀਅਨ ਉਨ੍ਹਾਂ ਸਾਹਮਣੇ ਆਇਆ ਤਾਂ ਦੋਵੇਂ ਗਲੇ ਲੱਗ ਕੇ ਬਹੁਤ ਰੋਏ। ਸਾਲਾਂ ਬਾਅਦ ਮਾਂ-ਪੁੱਤ ਮਿਲੇ ਸਨ। ਇਸ ਮੁਲਾਕਾਤ ਦੇ ਕੁਝ ਸਮੇਂ ਬਾਅਦ ਡੇਰੀਅਨ ਦੀ ਮਾਂ ਦੀ ਮੌਤ ਹੋ ਗਈ, ਪਰ ਮਾਂ ਤੋਂ ਡੇਰੀਅਨ ਨੂੰ ਇਹ ਪਤਾ ਚੱਲਿਆ ਸੀ ਕਿ ਉਸ ਦੇ ਮਰਹੂਮ ਪਿਤਾ ਦਾ ਨਾਮ ਜੌਰਜ ਥਾਮਸ ਹੈ ਜਿਸ ਦਾ ਜਨਮ 1892 ਵਿੱਚ ਹੋਇਆ ਅਤੇ ਮੌਤ 1981 ਵਿੱਚ ਹੋ ਗਈ ਸੀ। ਜੌਰਜ ਪਹਿਲੇ ਵਿਸ਼ਵ ਯੁੱਧ ਵਿੱਚ ਲੜੇ ਸਨ। ਡੇਰੀਅਨ ਦੇ ਜਨਮ ਤੋਂ ਪਹਿਲਾਂ ਹੀ ਉਹ ਆਪਣੀ ਪਤਨੀ ਤੋਂ ਵੱਖ ਹੋ ਗਏ ਸਨ।

## ਗੁਜਰਾਤ ਦੇ ਵਿਧਾਇਕ ਮੇਵਾਨੀ ਨੂੰ ਇੱਕ ਕੇਸ ਵਿੱਚ ਜ਼ਮਾਨਤ ਮਿਲੀ, ਦੂਜੇ ਵਿੱਚ ਗ੍ਰਿਫਤਾਰੀ



ਕੋਕਰਾਝਾਰ (ਆਸਾਮ), 26 ਅਪ੍ਰੈਲ (ਪੋਸਟ ਬਿਊਰੋ)- ਗੁਜਰਾਤ ਦੇ ਆਜ਼ਾਦ ਵਿਧਾਇਕ ਜਿਗਨੇਸ਼ ਮੇਵਾਨੀ ਨੂੰ ਆਸਾਮ ਪੁਲਸ ਨੇ ਕੱਲ੍ਹ ਇੱਕ ਕੇਸ ਵਿੱਚ ਜ਼ਮਾਨਤ ਮਿਲਣ ਮਗਰੋਂ ਦੂਜੇ ਵਿੱਚ ਮੁੜ ਗ੍ਰਿਫਤਾਰ ਕਰ ਲਿਆ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕੀਤੇ ਇੱਕ ਟਵੀਟ ਦੇ ਮਾਮਲੇ ਵਿੱਚ ਦਰਜ ਕੇਸ ਵਿੱਚ ਆਜ਼ਾਦ ਵਿਧਾਇਕ ਨੂੰ ਕੱਲ੍ਹ ਅਦਾਲਤ ਤੋਂ ਜ਼ਮਾਨਤ ਮਿਲੀ ਸੀ। ਦੂਜੇ ਕੇਸ ਵਿੱਚ ਉਨ੍ਹਾਂ ਉੱਤੇ ਅਧਿਕਾਰੀਆਂ ਉੱਤੇ ਹਮਲਾ ਕਰਨ ਦਾ ਦੋਸ਼ ਲਾ ਕੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਮੇਵਾਨੀ ਉੱਤੇ ਸਰਕਾਰੀ ਮੁਲਾਜ਼ਮਾਂ ਦੀ ਡਿਊਟੀ ਵਿੱਚ ਅੜਿੱਕਾ ਪਾਉਣ ਦਾ ਦੋਸ਼ ਲਾਇਆ ਹੈ। ਕੋਕਰਾਝਾਰ ਦੇ ਜੁਡੀਸ਼ਲ ਮੈਜਿਸਟਰੇਟ ਨੇ ਕਈ ਸ਼ਰਤਾਂ ਉੱਤੇ ਮੇਵਾਨੀ ਨੂੰ ਜ਼ਮਾਨਤ ਦਿੱਤੀ ਸੀ। ਸੁਣਵਾਈ ਤੋਂ ਬਾਅਦ ਮੇਵਾਨੀ ਨੂੰ ਕੋਕਰਾਝਾਰ ਜੇਲ੍ਹ ਵਾਪਸ ਲਿਜਾਇਆ ਗਿਆ ਹੈ। ਮੇਵਾਨੀ ਦੇ ਵਕੀਲ ਜ਼ਮਾਨਤ ਦੇ ਬਾਂਡ ਦੀ ਰਸਮੀ ਕਾਰਵਾਈ ਪੂਰੀ ਕਰ ਰਹੇ ਸਨ। ਵਰਨਣ ਯੋਗ ਹੈ ਕਿ ਜਿਗਨੇਸ਼ ਮੇਵਾਨੀ ਨੂੰ 19 ਅਪ੍ਰੈਲ ਨੂੰ ਗੁਜਰਾਤ ਦੇ ਪਾਲਨਪੁਰ ਕਸਬੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਟਵੀਟ ਵਿੱਚ ਮੇਵਾਨੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੋਡਸੇ ਨੂੰ ਰੱਬ ਮੰਨਦੇ ਹਨ। ਵਰਨਣ ਯੋਗ ਹੈ ਕਿ ਜਿਗਨੇਸ਼ ਮੇਵਾਨੀ ਨੂੰ ਕਾਂਗਰਸ ਦੀ ਹਿਮਾਇਤ ਹਾਸਲ ਹੈ।


## ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149












## ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ

ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT MY SOLUTION

# ਪੁਤਿਨ ਦੀ ਗਰਲਫ੍ਰੈਂਡ ਉੱਤੇ ਅਮਰੀਕਾ ਨੇ ਪਾਬੰਦੀ ਰੋਕੀ



ਨਿਊਯਾਰਕ, 26 ਅਪ੍ਰੈਲ (ਪੋਸਟ ਬਿਊਰੋ)- ਰੂਸੀ ਰਾਸ਼ਟਰਪਤੀ ਪੁਤਿਨ ਦੀ ਗਰਲਫ੍ਰੈਂਡ ਕਹੀ ਜਾਣ ਵਾਲੀ 38 ਸਾਲਾ ਜਿਮਨਾਸਟ ਐਲੀਨਾ ਕਾਬਾਏਵਾ ਉੱਤੇ ਅਮਰੀਕਾ ਨੇ ਪਿੱਛੇ ਜਿਹੇ ਲਾਈ ਪਾਬੰਦੀ ਉੱਤੇ ਰੋਕ ਲਾ ਦਿੱਤੀ ਹੈ।

ਅਮਰੀਕਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਐਲੀਨਾ ਉੱਤੇ ਪਾਬੰਦੀ ਲਾਉਣ ਨਾਲ ਮਾਮਲਾ ਦੋ ਦੇਸ਼ਾਂ ਵਿਚਾਲੇ ਡਿਪਲੋਮੈਟਿਕ ਨਾ ਰਹਿ ਕੇ ਬਹੁਤਾ ਨਿੱਜੀ ਪੱਧਰ ਉੱਤੇ ਪਹੁੰਚ ਜਾਵੇਗਾ। ਕਾਬਾਏਵਾ ਓਲੰਪਿਕ ਵਿੱਚ ਦੋ ਵਾਰ ਸੋਨ ਤਮਗਾ ਜੇਤੂ ਰਹਿ ਚੁੱਕੀ ਹੈ। ਵਾਲ ਸਟ੍ਰੀਟ ਜਨਰਲ ਦੀ ਰਿਪੋਰਟ ਅਨੁਸਾਰ ਐਲੀਨਾ ਕਾਬਾਏਵਾ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਪਾਬੰਦੀ ਲਈ ਚੁਣਿਆ ਗਿਆ ਸੀ, ਪਰ ਆਖਰੀ ਸਮੇਂ ਵਿੱਚ ਉਸ ਦੀ ਪਾਬੰਦੀ ਰੋਕ ਦਿੱਤੀ ਗਈ।

ਯੂਕਰੇਨ ਜੰਗ ਸ਼ੁਰੂ ਹੋਣ ਤੋਂ ਬਾਅਦ ਅਮਰੀਕਾ ਅੱਜ ਤਕ ਸੈਂਕੜੇ ਰੂਸੀਆਂ ਉੱਤੇ ਪਾਬੰਦੀ ਲਾ ਚੁੱਕਾ ਹੈ। ਬੀਤੀ 6 ਅਪ੍ਰੈਲ ਨੂੰ ਰਾਸ਼ਟਰਪਤੀ ਬਾਈਡੇਨ ਦੇ ਪ੍ਰਸ਼ਾਸਨ ਨੇ ਪੁਤਿਨ ਦੇ ਪਰਵਾਰ ਉੱਤੇ ਵੀ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਵਿੱਚ ਉਨ੍ਹਾਂ ਦੀਆਂ ਬੇਟੀਆਂ ਕੈਟਰੀਨਾ ਤਿਖੋਨੋਵਾ ਅਤੇ ਮਾਰੀਆ ਵੋਰੋਨਤਸੋਵਾ ਸ਼ਾਮਲ ਹਨ। ਮੰਨਿਆ ਜਾਂਦਾ ਹੈ ਕਿ ਪੁਤਿਨ ਦੀ ਜਾਇਦਾਦ ਨੂੰ ਵਿਦੇਸ਼ ਵਿੱਚ ਨਿਵੇਸ਼ ਕਰਨ ਵਿੱਚ ਦੋਵਾਂ ਬੇਟੀਆਂ ਅਤੇ ਕਾਬਾਏਵਾ ਦੀ ਭੂਮਿਕਾ ਰਹਿੰਦੀ ਹੈ।

ਕਿਹਾ ਜਾਂਦਾ ਹੈ ਕਿ ਪੁਤਿਨ ਨੂੰ ਕਾਬਾਏਵਾ ਤੋਂ ਦੋ ਬੱਚੇ ਹਨ। ਦੋਵਾਂ ਵਿਚਾਲੇ ਲੰਬੇ ਸਮੇਂ ਤੋਂ ਸੰਬੰਧ ਹਨ, ਜਿਸ ਤੋਂ ਦੋਵੇਂ ਇਨਕਾਰ ਕਰਦੇ ਹਨ। ਇਸ ਸਮੇਂਕਾਬਾਏਵਾ ਮੀਡੀਆ ਮੈਨੇਜਰ ਅਤੇ ਸਿਆਸਤਦਾਨ ਦੀ ਭੂਮਿਕਾ ਵਿੱਚ ਹੈ ਤੇ ਉਹ 2008 ਤੋਂ ਰਾਸ਼ਟਰਪਤੀ ਪੁਤਿਨ ਨਾਲ ਜੁੜੀ ਹੈ। ਰੂਸੀ ਅਖਬਾਰ ਮੋਸਕੋਵਸਕੀ ਕੋਰੇਸਪੋਡੈਂਟ ਨੇ ਦੋਵਾਂ ਦੇ ਪ੍ਰੇਮ ਸੰਬੰਧਾਂ ਦਾ ਸਭ ਤੋਂ ਪਹਿਲੀ ਵਾਰ ਖੁਲਾਸਾ ਕੀਤਾ ਸੀ। ਇਸ ਰਿਪੋਰਟ ਤੋਂ ਬਾਅਦ ਇਸ ਅਖ਼ਬਾਰ ਨੂੰ ਬੰਦ ਕਰ ਦਿੱਤਾ ਗਿਆ।

# ਪ੍ਰਾਈਵੇਟ ਸਕੂਲ ਵਿੱਚ ਬਾਈਬਲ ਦੀ ਪੜ੍ਹਾਈ ਉਤੇ ਵੀ ਵਿਵਾਦ

ਬੈਂਗਲੂਰੂ, 26 ਅਪ੍ਰੈਲ (ਪੋਸਟ ਬਿਊਰੋ)- ਕਰਨਾਟਕਾ ਦੇ ਕਲੇਰੈਂਸ ਹਾਈ ਸਕੂਲ ਵਿੱਚ ਸਾਰੇ ਵਿਦਿਆਰਥੀਆਂ ਦੇ ਲਈ ਬਾਈਬਲ ਜ਼ਰੂਰੀ ਕਰਨ ਬਾਰੇ ਵਿਵਾਦ ਖੜ੍ਹਾ ਹੋ ਗਿਆ ਹੈ। ਹਿੰਦੂ ਸੰਗਠਨਾਂ ਨੇ ਸਕੂਲ ਦਾ ਲਾਇਸੈਂਸ ਰੱਦ ਕਰਨ ਦੀ ਮੰਗ ਕੀਤੀ ਹੈ। ਸ੍ਰੀ ਰਾਮ ਸੈਨਾ ਦੇ ਮੋਧੀ ਨੇ ਕਿਹਾ ਕਿ ਹਿੰਦੂ ਵਿਦਿਆਰਥੀਆਂ ਵਿੱਚ ਬਾਈਬਲ ਦਾ ਪ੍ਰਚਾਰ ਕਿਉਂ ਕੀਤਾ ਜਾਂਦਾ ਹੈ, ਜਦ ਕਿ ਸਕੂਲ ਵਿੱਚ ਨੱਬੇ ਫੀਸਦੀ ਵਿਦਿਆਰਥੀ ਹਿੰਦੂ ਧਰਮ ਤੋਂ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਸਕੂਲ ਨੂੰ ਬੰਦ ਕਰ ਦਿੱਤਾ ਜਾਏ ਅਤੇ ਵਿਦਿਆਰਥੀਆਂ ਨੂੰ ਦੂਸਰੇ ਸਕੂਲਾਂ ਵਿੱਚ ਸ਼ਿਫਟ ਕਰਾਇਆ ਜਾਏ।

ਹਿੰਦੂ ਜਨ ਜਾਗ੍ਰਿਤੀ ਸਮਿਤੀ ਨੇ ਦੋਸ਼ ਲਾਇਆ ਕਿ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ ਉੱਤੇ ਰੋਜ਼ ਬਾਈਬਲ ਪੜ੍ਹਨ ਲਈ ਮਜਬੂਰ ਕੀਤਾ ਜਾਂਦਾ ਹੈ। ਸਾਰੇ ਵਿਦਿਆਰਥੀਆਂ ਨੂੰ ਇੱਕ ਬਾਈਬਲ ਦਿੱਤੀ ਗਈ ਹੈ, ਜੋ ਕਿਤਾਬ ਦੇ ਰੂਪ ਵਿੱਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੇ ਕੋਈ ਵਿਦਿਆਰਥੀ ਇਤਰਾਜ਼ ਕਰੇਗਾ ਤਾਂ ਉਸ ਨੂੰ ਐਡਮਿਸ਼ਨ ਰੱਦ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਇਸ ਬਾਰੇ ਸਿੱਖਿਆ ਮੰਤਰੀ ਨੇ ਕਿਹਾ ਕਿ ਸਕੂਲਾਂ ਵਿੱਚ ਬਾਈਬਲ ਪੜ੍ਹਨਾ ਜ਼ਰੂਰੀ ਕਰਨ ਦਾ ਕੋਈ ਨਿਯਮ ਨਹੀਂ ਹੈ, ਜੇ ਇਹ ਸੱਚ ਪਾਇਆ ਜਾਂਦਾ ਹੈ ਤਾਂ ਸਕੂਲ ਖਿਲਾਫ ਕਾਰਵਾਈ ਕੀਤੀ ਜਾਏਗੀ। ਸਕੂਲ ਦੇ ਪ੍ਰਿੰਸੀਪਲ ਜਾਰਜ ਮੈਥਿਊ ਨੇ ਮੀਡੀਆ ਨੂੰ ਕਿਹਾ ਕਿ ਉਹ ਇਸ ਘਟਨਾਕ੍ਰਮ ਤੋਂ ਦੁਖੀ ਹਨ। ਬਾਈਬਲ 100 ਸਾਲ ਤੋਂ ਪੜ੍ਹਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਵਕੀਲ ਸੰਸਥਾ ਖਿਲਾਫ ਉਠਾਏ ਗਏ ਸਵਾਲਾਂ ਦੇ ਜਵਾਬ ਦੇਣਗੇ।

### ਹੈਰੋਇਨ ਬਰਾਮਦਗੀ ਮਾਮਲਾ:

# ਅਟਾਰੀ-ਵਾਹਗਾ ਬਾਰਡਰ ਆਈ ਸੀ ਪੀ ਦਾ ਟਰੱਕ ਸਕੈਨਰ ਬਦਲਣ ਦੀ ਮੰਗ ਉੱਠੀ



ਅੰਮ੍ਰਿਤਸਰ, 26 ਅਪ੍ਰੈਲ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਮੁਲੱਠੀ ਵਿੱਚ ਭਰ ਕੇ ਆਈ 102 ਕਿਲੋ ਹੈਰੋਇਨ ਫੜੀ ਜਾਣ ਪਿੱਛੋਂ ਕਸਟਮ ਵਿਭਾਗ ਨੇ ਅਟਾਰੀ-ਵਾਹਗਾ ਆਈ ਸੀ ਪੀ ਵਿੱਚ ਸਥਾਪਤ ਨਕਾਰਾ ਹੋਏ ਫੁੱਲ ਬਾਡੀ ਟਰੱਕ ਸਕੈਨਰ ਨੂੰ ਬਦਲਣ ਦੀ ਮੰਗ ਕੀਤੀ ਹੈ। ਇਸ ਸਬੰਧ ਵਿੱਚ ਕਸਟਮ ਵਿਭਾਗ ਵੱਲੋਂ ਆਈ ਸੀ ਪੀ ਦਾ ਪ੍ਰਬੰਧ ਦੇਖ ਰਹੀ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਕੋਲ ਪਹੁੰਚ ਕੀਤੀ ਗਈ ਹੈ।

ਆਈ ਸੀ ਪੀ (ਇੰਟਰਨੈਸ਼ਨਲ ਚੈੱਕ ਪੋਸਟ) ਵਿੱਚ 23 ਕਰੋੜ ਰੁਪਏ ਦੀ ਲਾਗਤ ਨਾਲ ਲਾਇਆ ਗਿਆ ਫੁੱਲ ਬਾਡੀ ਸਕੈਨਰ ਇਸ ਵੇਲੇ ਕੰਮ ਨਹੀਂ ਕਰ ਰਿਹਾ, ਜਿਸ ਕਾਰਨ ਕਸਟਮ ਵਿਭਾਗ ਵੱਲੋਂ ਸਰਹੱਦ ਰਸਤੇ ਆ ਰਹੇ ਸਾਮਾਨ ਦੀ ਆਪਣੇ ਪੱਧਰ ਉੱਤੇ ਜਾਂਚ ਕੀਤੀ ਜਾਂਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਕਸਟਮ ਵਿਭਾਗ ਵੱਲੋਂ ਸਥਾਨਕ ਕਸਟਮ ਕਲੀਅਰਿੰਗ ਏਜੰਟ ਅਤੇ ਦਿੱਲੀ ਵਿਚਲੇ ਇੰਪੋਰਟਰ, ਜਿਸ ਨੂੰ ਇਹ ਮੁਲੱਠੀ ਦੀ ਖੇਪ ਜਾਣੀ ਸੀ, ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਕੱਲ੍ਹ ਕਸਟਮ ਵਿਭਾਗ ਦੇ ਕਮਿਸ਼ਨਰ ਨੇ ਦੱਸਿਆ ਕਿ ਆਈ ਸੀ ਪੀ ਵਿੱਚ ਲੱਗਾ ਫੁਲ ਬਾਡੀ ਟਰੱਕ ਸਕੈਨਰ ਪੂਰੀ ਤਰ੍ਹਾਂ ਕੰਮ ਨਹੀਂ ਕਰਦਾ ਅਤੇ ਗ੍ਰਹਿ ਮੰਤਰਾਲੇ ਨੇ ਇਸ ਨੂੰ ਨਕਾਰਾ ਕਰਾਰ ਦੇ ਦਿੱਤਾ ਹੈ। ਇਹ ਸਕੈਨਰ ਨਸ਼ੀਲੇ ਪਦਾਰਥਾਂ ਅਤੇ ਜਾਅਲੀ ਕਰੰਸੀ ਦਾ ਪਤਾ ਲਾਉਣ ਵਿੱਚ ਅਸਮਰੱਥ ਹੈ ਤੇ ਲੋੜੀਂਦੇ ਨਤੀਜੇ ਨਹੀਂ ਦੇ ਸਕਿਆ ਹੈ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮਦਦ ਵੀ ਕੀਤੀ ਜਾਵੇਗੀ। 'Location 'Winnipeg, MB` ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7'', ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
GUARANTEED SOLD
MCNE

**CALL JAG FOR A QUICK & FREE HOME EVALUATION**
www.BramptonTopRealtor.com
www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



**Tri-City** Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY
SOLD $1,749,900 8337 ਗਲਫ ਲਾਈਨ
... 416-802-5866
SOLD $1,950,000 26 Yellow RomeRd



jobs! jobs! jobs! jobs! jobs!

DUNDAS-JAFINE

**HELP WANTED**
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017